ਸਾਂਝੀ ਸੋਚ ਅਖ਼ਬਾਰ ਅਤੇ ਟੀ.ਵੀ ਨਾਲ ਜੁੜਨ ਲਈ ਸੰਪਰਕ ਕਰੋ
ਅੰਮ੍ਰਿਤਸਰ +91 81463 20009
ਪਟਿਆਲਾ +91 79735 07533

ਸਾਂਝੀ ਸੋਚ
SANJHI SOCH
ਰੋਜ਼ਾਨਾ ਪੰਜਾਬੀ ਅਖ਼ਬਾਰ
ਪੰਜਾਬੀਅਤ ਦੀ ਸੋਚ 'ਤੇ ਪਹਿਰਾ

DOWNLOAD THE APP
NOW AVAILABLE ON
24x7 LIVE STREAMING
ਸਾਂਝੀ ਸੋਚ ਟੀ ਵੀ Mobile App 'ਤੇ ਵੀ ਉਪਲਬਧ

VOL-13 ISSUE 2536 | 26 July, 2026 Sunday | www.sanjhisoch.com | ਕੈਲੀਫੋਰਨੀਆ ★ ਪੰਜਾਬ ★ ਹਿਮਾਚਲ ★ ਹਰਿਆਣਾ ★ ਦੇਸ ਦੁਨੀਆਂ | +1 (209) 303-1260

Jaspreet Singh
Attorney-At-Law
Loan Modification
Bankruptcy, Immigration, Political Asylum, Deportation, Defense, Citizenship, L-1, H-1, Family Law, Divorce
Fremont:
44790 S, GRIMMER BLVD #204, FREMONT, CA 94538
Phone: 510-657-6444, Fax: 510-657-6443
Fresno:
4491 W, Shaw Ave. Suit No. 3008 (Near Costco), Fresno, CA 93722
Phone: 599-271-5511

# ਪੁਲਿਸ ਦੀ ਲੇਡੀ ਇੰਸਪੈਕਟਰ ਨੇ ਸਬ ਇੰਸਪੈਕਟਰ 'ਤੇ ਲਾਏ ਰੇਪ ਦੇ ਇਲਜ਼ਾਮ !

ਵੈਨਕੂਵਰ
ਸਾਂਝੀ ਸੋਚ ਬਿਊਰੋ

ਲੁਧਿਆਣਾ ਵਿੱਚ ਪੰਜਾਬ ਪੁਲਿਸ ਦੀ ਇੱਕ ਮਹਿਲਾ ਇੰਸਪੈਕਟਰ ਨੇ ਸਬ-ਇੰਸਪੈਕਟਰ 'ਤੇ ਬਲਾਤਕਾਰ ਦੇ ਗੰਭੀਰ ਦੋਸ਼ ਲਾਏ ਹਨ। ਲੇਡੀ ਇੰਸਪੈਕਟਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਉਨ੍ਹਾਂ ਦੀ ਦੋਸਤੀ ਇੰਸਟਾਗ੍ਰਾਮ 'ਤੇ ਹੋਈ ਸੀ, ਜੋ ਦੋਵੇਂ ਉਸ ਸਮੇਂ ਸਬ-ਇੰਸਪੈਕਟਰ ਸਨ। ਲੇਡੀ ਇੰਸਪੈਕਟਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਮੁਲਜ਼ਮ ਸਬ-ਇੰਸਪੈਕਟਰ ਨੇ ਉਸਨੂੰ ਇੱਕ ਰੈਸਟੋਰੈਂਟ ਵਿੱਚ ਬੁਲਾਇਆ ਅਤੇ ਉਸਨੂੰ ਬੇਹੋਸ਼ ਕਰਨ ਤੋਂ ਬਾਅਦ ਉਸ ਨਾਲ ਬਲਾਤਕਾਰ ਕੀਤਾ। ਉਸ ਨੇ ਦੋਸ਼ ਲਾਏ ਕਿ ਸਬ-ਇੰਸਪੈਕਟਰ ਨੇ ਉਸ ਦੀ ਇੱਕ ਨਗਨ ਵੀਡੀਓ ਬਣਾਈ ਤਾਂ ਜੋ ਉਹ ਉਸਨੂੰ ਮੁੜ ਬਲੈਕਮੇਲ ਕਰ ਸਕੇ। ਉਸ ਦੇ ਕਾਰਨ ਹੀ ਉਸ ਦਾ ਤਲਾਕ ਹੋਇਆ ਸੀ। ਉਸ ਨੇ ਉਸ ਦਾ ਕਈ ਵਾਰ ਅਬੋਰਸ਼ਨ ਵੀ ਕਰਾਇਆ।ਪੀੜਤਾਂ ਨੇ ਦੋਸ਼ ਲਾਏ ਕਿ ਜਦੋਂ ਉਸ ਨੇ ਇਸ ਗੱਲ ਦਾ ਵਿਰੋਧ ਕੀਤਾ ਤਾਂ ਦੋਸ਼ੀ ਨੇ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਕਰਨ ਅਤੇ ਉਸਦਾ ਕਰੀਅਰ ਬਰਬਾਦ ਕਰਨ ਦੀ ਧਮਕੀ ਦਿੱਤੀ। ਇਸ ਵੀਡੀਓ ਦੀ ਵਰਤੋਂ ਕਰਕੇ, ਦੋਸ਼ੀ ਪੀੜਤਾ ਨੂੰ ਬਲੈਕਮੇਲ ਕਰਦਾ ਰਿਹਾ ਅਤੇ ਸਰੀਰਕ ਸ਼ੋਸ਼ਣ ਕਰਦਾ ਰਿਹਾ। ਸੂਤਰਾਂ ਅਨੁਸਾਰ, ਲਗਭਗ ਦੋ ਮਹੀਨੇ ਪਹਿਲਾਂ, ਮਹਿਲਾ ਇੰਸਪੈਕਟਰ ਨੇ ਮਾਮਲੇ ਨਾਲ ਸਬੰਧਤ ਸਾਰੇ ਸਬੂਤ ਸੀਨੀਅਰ ਅਧਿਕਾਰੀਆਂ ਨੂੰ ਪੇਸ਼ ਕੀਤੇ। ਜਾਂਚ ਤੋਂ ਬਾਅਦ, ਸਬ-ਇੰਸਪੈਕਟਰ ਨੇ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ, ਪਰ




ਸਮਝੌਤਾ ਨਹੀਂ ਹੋ ਸਕਿਆ। ਹੁਣ ਇਸ ਵੇਲੇ ਪੁਲਿਸ ਇਸ ਪੂਰੇ ਮਾਮਲੇ ਦੀ ਜਾਂਚ ਕਰ ਰਹੀ ਹੈ।ਇਸ ਦੌਰਾਨ ਇਹ ਵੀ ਜਾਣਕਾਰੀ ਸਾਹਮਣੇ ਆਈ ਹੈ ਕਿ ਮੁਲਜ਼ਮ ਸਬ-ਇੰਸਪੈਕਟਰ ਸਾਹਿਬਮੀਤ ਸਿੰਘ ਦੇ ਦਾਦਾ ਜੀ ਅਤੇ ਪਿਤਾ ਵੀ ਪੰਜਾਬ ਪੁਲਿਸ ਵਿੱਚ ਡੀਐਸਪੀ ਸਨ। ਕੋਵਿਡ-19 ਮਹਾਂਮਾਰੀ ਦੌਰਾਨ, ਉਸਦੇ ਪਿਤਾ ਨੂੰ 2021 ਵਿੱਚ ਡਿਊਟੀ ਦੌਰਾਨ ਡੀਐਸਪੀ ਵਰਿੰਦਰ ਪਾਲ ਨੂੰ ਕੋਰੋਨਾ ਹੋ ਗਿਆ ਅਤੇ ਉਨ੍ਹਾਂ ਦੀ ਮੌਤ ਹੋ ਗਈ ਸੀ ਤਾਂ ਉਨ੍ਹਾਂ ਦੇ ਪੁੱਤਰ ਸਾਹਿਬਮੀਤ ਸਿੰਘ ਨੂੰ 2022 ਵਿੱਚ ਤਰਸ ਦੇ ਆਧਾਰ 'ਤੇ ਸਿੱਧੇ ਤੌਰ 'ਤੇ ਸਬ-ਇੰਸਪੈਕਟਰ ਦੇ ਅਹੁਦੇ 'ਤੇ ਭਰਤੀ ਕੀਤਾ ਗਿਆ ਸੀ।

# ਪ੍ਰਹਿਲਾਦ ਜੋਸ਼ੀ ਨੇ ਸੰਭਾਲਿਆ ਸਿੱਖਿਆ ਮੰਤਰਾਲੇ ਦਾ ਚਾਰਜ ਪਹਿਲੇ ਹੀ ਦਿਨ ਸੱਦੀ ਮੀਟਿੰਗ

ਨਵੀਂ ਦਿੱਲੀ
ਸਾਂਝੀ ਸੋਚ ਬਿਊਰੋ

ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਤੋਂ ਬਾਅਦ ਕੇਂਦਰੀ ਮੰਤਰੀ ਪ੍ਰਹਲਾਦ ਜੋਸ਼ੀ ਨੂੰ ਸਿੱਖਿਆ ਮੰਤਰਾਲੇ ਦਾ ਵਾਧੂ ਚਾਰਜ ਸੌਂਪਿਆ ਗਿਆ। ਇਸੇ ਤਹਿਤ ਅੱਜ 26 ਜੁਲਾਈ ਨੂੰ ਪ੍ਰਹਲਾਦ ਜੋਸ਼ੀ ਨੇ ਅਧਿਕਾਰਤ ਤੌਰ 'ਤੇ ਸਿੱਖਿਆ ਮੰਤਰੀ ਦੇ ਰੂਪ ਵਿੱਚ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ 'ਤੇ ਉਨ੍ਹਾਂ ਨੇ ਅਧਿਕਾਰੀਆਂ ਨਾਲ ਬੈਠਕ ਵੀ ਕੀਤੀ।ਜੋਸ਼ੀ ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵਿੱਚ ਕਈ ਮਹੱਤਵਪੂਰਨ ਜ਼ਿੰਮੇਵਾਰੀਆਂ ਸੰਭਾਲ ਚੁੱਕੇ ਹਨ। ਸਿੱਖਿਆ ਮੰਤਰਾਲੇ ਦੀ ਨਵੀਂ ਜ਼ਿੰਮੇਵਾਰੀ ਦੇ ਨਾਲ ਹੁਣ ਉਹ ਦੇਸ਼ ਦੀ ਸਿੱਖਿਆ ਪ੍ਰਣਾਲੀ ਨਾਲ ਜੁੜੇ ਵੱਡੇ ਫ਼ੈਸਲਿਆਂ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਜੋਸ਼ੀ ਨੂੰ ਉਪਭੋਗਤਾ ਮਾਮਲਿਆਂ ਦੇ ਮੰਤਰੀ ਵਜੋਂ ਆਪਣੀ ਜ਼ਿੰਮੇਵਾਰੀ ਤੋਂ ਇਲਾਵਾ ਸਿੱਖਿਆ ਮੰਤਰਾਲੇ ਦਾ ਵਾਧੂ ਚਾਰਜ ਸੌਂਪਿਆ ਗਿਆ ਹੈ।ਨਵ-ਨਿਯੁਕਤ ਕੇਂਦਰੀ ਸਿੱਖਿਆ ਮੰਤਰੀ ਪ੍ਰਹਲਾਦ ਜੋਸ਼ੀ ਨੇ ਕਿਹਾ ਕਿ ਉਨ੍ਹਾਂ ਨੇ ਜ਼ਿੰਮੇਵਾਰੀ ਅਤੇ ਨਿਮਰਤਾ ਦੀ ਭਾਵਨਾ ਨਾਲ ਇਹ ਜ਼ਿੰਮੇਵਾਰੀ ਕਬੂਲ ਕੀਤੀ ਹੈ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, "ਪ੍ਰਧਾਨ ਮੰਤਰੀ ਨੇ ਮੈਨੂੰ ਇੱਕ ਜ਼ਿੰਮੇਵਾਰੀ ਸੌਂਪੀ ਹੈ। ਮੈਂ ਇਸ ਜ਼ਿੰਮੇਵਾਰੀ ਨੂੰ ਕਰਤੱਵ ਭਾਵਨਾ ਅਤੇ ਨਿਮਰਤਾ ਨਾਲ ਸਵੀਕਾਰ ਕਰਦਾ ਹਾਂ।" ਉਨ੍ਹਾਂ ਕਿਹਾ, "ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਸਰਕਾਰ ਦੇ ਪਿਛਲੇ 12 ਸਾਲਾਂ ਵਿੱਚ ਕਈ



ਇਤਿਹਾਸਕ ਪ੍ਰਾਪਤੀਆਂ ਹਾਸਲ ਕੀਤੀਆਂ ਗਈਆਂ ਹਨ। ਪਿਛਲੇ ਚਾਰ-ਪੰਜ ਸਾਲਾਂ ਵਿੱਚ ਧਰਮੇਂਦਰ ਪ੍ਰਧਾਨ ਨੇ ਵੀ ਰਾਸ਼ਟਰੀ ਸਿੱਖਿਆ ਨੀਤੀ ਨੂੰ ਲਾਗੂ ਕੀਤਾ ਹੈ। ਪ੍ਰਧਾਨ ਮੰਤਰੀ ਦੀ ਰਹਿਨੁਮਾਈ ਹੇਠ ਮੈਂ ਆਪਣੀ ਪੂਰੀ ਸਮਰੱਥਾ ਨਾਲ ਆਪਣਾ ਬਿਹਤਰੀਨ ਦੇਣ ਦੀ ਕੋਸ਼ਿਸ਼ ਕਰਾਂਗਾ।"ਦੱਸ ਦਈਏ ਕਿ ਨੀਟ (ਯੂਜੀ) ਪੇਪਰ ਲੀਕ ਵਿਵਾਦ ਨੂੰ ਲੈ ਕੇ ਦੇਸ਼ ਭਰ ਵਿੱਚ ਕਾਕਰੋਚ ਜਨਤਾ ਪਾਰਟੀ ਦੀ ਅਗਵਾਈ ਵਿੱਚ ਹੋਏ ਵਿਦਿਆਰਥੀ ਰੋਸ-ਪ੍ਰਦਰਸ਼ਨ ਤੋਂ ਬਾਅਦ ਪ੍ਰਧਾਨ ਨੇ ਸ਼ਨੀਵਾਰ ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਆਪਣੇ ਅਸਤੀਫ਼ੇ ਵਿੱਚ ਧਰਮੇਂਦਰ ਪ੍ਰਧਾਨ ਨੇ ਕਿਹਾ ਕਿ ਇਹ ਉਨ੍ਹਾਂ ਲਈ 'ਨਿੱਜੀ ਸਾਖ' ਦਾ ਮਾਮਲਾ ਨਹੀਂ ਹੈ, ਅਤੇ ਪਿਛਲੇ 10 ਦਿਨਾਂ ਵਿੱਚ ਹੋਈਆਂ ਘਟਨਾਵਾਂ ਨੂੰ ਦੇਖ ਕੇ ਉਹ ਦੁਖੀ ਹਨ।

Law Offices of
Ashwani K.Bhakhri
1299 Bayshore Hwy Suite 208
Burlingame, CA 94010
ਸੜਕ ਹਾਦਸਾ ਹੋਣ ਜਾਂ ਕਿਸੇ ਟਰੱਕ ਨਾਲ ਹਾਦਸਾ ਹੋਣ ਜਾਂ ਕੰਮ ਦੌਰਾਨ ਸੱਟ ਲੱਗਣ 'ਤੇ ਵਰਕਰ ਮੁਆਵਜ਼ਾ ਲੈਣ ਲਈ ਵਕੀਲ ਦੀ ਲੋੜ ਹੋਵੇ ਤਾਂ ਸਾਡੇ ਨਾਲ ਸੰਪਰਕ ਕਰੋ
ਤੁਸੀਂ ਆਪਣੇ ਇਮੀਗ੍ਰੇਸ਼ਨ ਦੇ ਕੇਸਾਂ ਬਾਰੇ ਵੀ ਸਾਡੀ ਤੋਂ ਸੇਵਾਵਾਂ ਲੈ ਸਕਦੇ ਹੋ
(650) 685-6334
(916) 379-9700
(209) 666-4220
Ashwani Kumar Bhakhri
Attorney at Law
www.bhakhrilawfirm.us
bhakhrilawfirm@gmail.com

LAMBA VIDEO
★ Weddings ★ Birthdays ★ Photo Shoots
HD Quality Wedding Videos
Pre Wedding Shoots
Packages fit to your budget
Contact: Barjesh 209-541-0641
Email: lambavideoproduction@yahoo.com

RE/MAX EXECUTIVE
ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ।
Kirandeep Kaur
Realtor ®
CalDRE # 02115235
ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।
Contact : Cell (209) 550-1704
220 - A Standiford Ave, Modesto, CA 95350, kkaur@mycvre.com
EACH OFFICE IS INDEPENDENTLY OWNED AND OPERATED

Space availabe for Ad
Contact #
+1 (209) 303-1260

Space availabe for Ad
Contact #
+1 (209) 303-1260

THE JRP GROUP
A Tradition of Real Estate Excellence
SERVING CALIFORNIA FOR RESIDENTIAL REAL ESTATE NEEDS
ਘਰ ਖਰੀਦਣ ਜਾਂ ਵੇਚਣ ਲਈ ਅੱਜ ਹੀ ਸੰਪਰਕ ਕਰੋ
Ph: (414) 551-0530
Simranveer Singh
Realtor
The JRP Group
DRE #02114137

Pal Films Production
All Your Photo/Videography & Post Production needs Under One Roof
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
Full Photo & Videography studio with Green Screen/Blue Screen
(925) 489-3400, (341) 356-1517
palfilms925@gmail.com www.thepalfilms.com

# JRP REALTY GROUP

A TRADITION OF REAL ESTATE EXCELLENCE

**SERVING CALIFORNIA FOR COMMERCIAL REAL ESTATE NEEDS**

Specializing in all Types of Commercial Proprtries

**Gas Stations, Apartments, Commercial Buildings, Liquor stores and Land**

CALL TODAY TO BUY/SELL YOUR REAL ESTATE/ BUSINESS





**Jaswant S.Pannu**
Office: 209-900-1994
Cell: 408-340-0157
jaswantpannu@yahoo.com

**Raman Singh**
Cell: 209-605-6500
Office: 209-213-5811
BRE #10889002

We provide the best in class evaluation for your real estate/business to maximize the profits for you

We do commercial loans for businesses, gas stations, lands and commercial properties




For more properties or business, contact us.



**LOVEPREET KAUR**
NMLS #1473924
Office: 209-900-1994
209-497-4588
lkaur@lendingassets.com

24 ਘੰਟਿਆਂ 'ਚ Pre-Approvals ਪ੍ਰਾਪਤ ਕਰੋ

# LENDINGASSETS

Elevating Your Mortgage Experience

## Home Loan ਘਰਾਂ ਦੇ ਲੋਨ

- ★ Minimun credit score 580
- ★ Short sales/Foreclosures/Bankruptcy No problem
- ★ FHA, conventional and ARM loans
- ★ Hard Money Loans
- ★ Second Mortgage
- ★ High Balance and Jumbo loans
- ★ "Second Mortgage" with Equity line of Credit
- ★ Refinance
- ★ Refinance/Cash out ਵੀ ਕਰਦੇ ਹਾਂ ਜੇਕਰ ਤੁਹਾਨੂੰ ਪੈਸੇ ਦੀ ਜਰੂਰਤ ਹੈ

EQUAL HOUSING OPPORTUNITY

- ★ ਸਾਡੇ ਕੋਲ ਹਰ ਤਰ੍ਹਾਂ ਦੇ ਲੋਨ ਪ੍ਰੋਡਕਟ ਹਨ, ਜੋ ਕਿ ਤੁਹਾਨੂੰ ਘਰ ਲੈਣ ਵਿਚ ਮਦਦ ਕਰਦੇ ਹਨ
- ★ ਅਸੀਂ Homes, Condos, Duplexes, Triplexes ਅਤੇ Fourplexes 'ਤੇ ਲੋਨ ਦਿੰਦੇ ਹਾਂ

ਪ੍ਰੀ ਅਪਰੂਵਲ ਜਾਂ ਰੀ-ਫਾਈਨਾਂਸ ਲਈ ਅੱਜ ਹੀ ਕਾਲ ਕਰੋ

**Refinance @2.75% APR or lower**



**Apply online at www.lendingassets.com and check out the live lowest rates on our website**




# NAV INDIAN MERCHANDISE GROCERY STORE

## 3230 MITCHELL ROAD, STE, C, CERES, CA 95307



ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ, ਪਾਕਿਸਤਾਨੀ ਤੇ ਫਰੋਜ਼ਨ ਗਰੌਸਰੀ ਦੀ।





ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਸਜਾਵਟ ਦਾ ਸਮਾਨ

**ਇੱਕ ਵਾਰ Visit ਜ਼ਰੂਰ ਕਰੋ।**





Ria MONEY TRANSFER

**INDIA**
**ਪੈਸੇ ਭੇਜਣ ਲਈ**

RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ



**Contact Number**

# +1 (209) 537-5702

ਸਾਂਝੀ ਸੋਚ
SANJHI SOCH
www.sanjhisoch.com
PATTRON: HARJIT BASI
MANAGEMENT



PRESIDENT & CHIEF EDITOR
BOOTA SINGH BASI

SUB EDITOR (CHICAGO, IL OFFICE)
LOVJYOT VIRDI

GENERAL MANAGER
RAVINDER SINGH DHILLON

RESIDENT EDITOR (INDIA)
DR. RAJINDER RIKHI

DISCLAIMER

ਸਾਂਝੀ ਸੋਚ ਵਿਚ ਛਪੇ ਕਿਸੇ ਵੀ ਇਸ਼ਤਿਹਾਰ ਵਿਚ ਕੀਤੇ ਦਾਅਵਿਆਂ ਬਾਰੇ ਸਾਂਝੀ ਸੋਚ ਦੀ ਮੈਨੇਜਮੈਂਟ ਅਤੇ ਸੰਪਾਦਕਾਂ ਦੀ ਕੋਈ ਜ਼ਿੰਮੇਵਾਰੀ ਨਹੀਂ ਹੈ। ਇਸ਼ਤਿਹਾਰਾਂ ਵਾਲੀਆਂ ਕੰਪਨੀਆਂ ਨਾਲ ਲੈਣ-ਦੇਣ ਵਾਲੇ ਵਿਅਕਤੀ ਖੁਦ ਜ਼ਿੰਮੇਵਾਰ ਹੋਣਗੇ। ਸਾਂਝੀ ਸੋਚ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਸਾਂਝੀ ਸੋਚ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

DISPUTES ARE SUBJECT TO SUPERIOR COURTS OF STANISLAUS COUNTY OF CALIFORNIA, USA

SANJHI SOCH
DAILY NEWSPAPER
2601 Oakdale Road,
Suite H2-167 Modesto,
CA 95355 USA
Cell: (209) 303-1260
Email: info@sanjhisoch.com
Visit at: www.sanjhisoch.com

# ਜਦੋਂ ਖੇਤ ਹੱਥੋਂ ਨਿਕਲ ਜਾਂਦੇ ਨੇ...

ਕਦੇ ਕਿਸੇ ਬਜ਼ੁਰਗ ਕਿਸਾਨ ਦੇ ਚਿਹਰੇ ਵੱਲ ਧਿਆਨ ਨਾਲ ਤੱਕਣਾ। ਜਦੋਂ ਉਹ ਆਪਣੇ ਖੇਤਾਂ ਦੀ ਗੱਲ ਕਰਦਾ ਹੈ ਤਾਂ ਉਸ ਦੀਆਂ ਅੱਖਾਂ ਵਿੱਚ ਇੱਕ ਵੱਖਰੀ ਹੀ ਚਮਕ ਦਿਖਾਈ ਦਿੰਦੀ ਹੈ। ਉਹ ਸਿਰਫ਼ ਮਿੱਟੀ ਦੀ ਗੱਲ ਨਹੀਂ ਕਰਦਾ, ਉਹ ਆਪਣੇ ਪਿਉ-ਦਾਦਿਆਂ ਦੀ ਮਿਹਨਤ, ਆਪਣੇ ਬਚਪਨ ਦੀਆਂ ਯਾਦਾਂ, ਆਪਣੀ ਜ਼ਿੰਦਗੀ ਦੇ ਸੰਘਰਸ਼ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦੀ ਗੱਲ ਕਰਦਾ ਹੈ। ਉਸ ਲਈ ਖੇਤ ਕੋਈ ਜਾਇਦਾਦ ਨਹੀਂ ਹੁੰਦੇ, ਸਗੋਂ ਉਸ ਦੀ ਰੂਹ ਦਾ ਉਹ ਹਿੱਸਾ ਹੁੰਦੇ ਹਨ ਜੋ ਕਦੇ ਵੀ ਕਿਸੇ ਕੀਮਤ 'ਤੇ ਨਹੀਂ ਤੋਲਿਆ ਜਾ ਸਕਦਾ।

ਪਰ ਅੱਜ ਸਮਾਂ ਬਦਲ ਰਿਹਾ ਹੈ। ਪੰਜਾਬ ਦੀ ਉਹ ਧਰਤੀ, ਜਿਸ ਨੂੰ ਕਦੇ "ਸੋਨੇ ਦੀ ਚਿੜੀ" ਕਿਹਾ ਜਾਂਦਾ ਸੀ, ਅੱਜ ਹੌਲੀ-ਹੌਲੀ ਕਾਗਜ਼ਾਂ ਉੱਤੇ ਵਿਕਦੀ ਨਜ਼ਰ ਆ ਰਹੀ ਹੈ। ਕਿਤੇ ਕਿਸੇ ਨੂੰ ਚੰਗੀ ਕੀਮਤ ਦਾ ਲਾਲਚ ਹੈ, ਕਿਤੇ ਮਜਬੂਰੀ ਹੈ, ਤੇ ਕਿਤੇ ਇਹ ਸੋਚ ਕਿ "ਇੰਨੇ ਪੈਸੇ ਫਿਰ ਕਿੱਥੋਂ ਮਿਲਣੇ?" ਇਹ ਸਾਰੇ ਕਾਰਨ ਸਮਝੇ ਜਾ ਸਕਦੇ ਹਨ। ਹਰ ਪਰਿਵਾਰ ਦੀ ਆਪਣੀ ਕਹਾਣੀ ਹੁੰਦੀ ਹੈ। ਪਰ ਇੱਕ ਸਵਾਲ ਫਿਰ ਵੀ ਖੜ੍ਹਾ ਰਹਿੰਦਾ ਹੈ—ਕੀ ਅਸੀਂ ਅੱਜ ਦੇ ਕੁਝ ਪੈਸਿਆਂ ਲਈ ਉਹ ਸਭ ਕੁਝ ਗੁਆ ਰਹੇ ਹਾਂ ਜੋ ਸਦੀਆਂ ਵਿੱਚ ਬਣਿਆ ਸੀ?

ਸੱਚ ਇਹ ਹੈ ਕਿ ਪੈਸਾ ਜਿੰਨੀ ਤੇਜ਼ੀ ਨਾਲ ਹੱਥ ਵਿੱਚ ਆਉਂਦਾ ਹੈ, ਕਈ ਵਾਰ ਉਸ ਤੋਂ ਵੀ ਤੇਜ਼ੀ ਨਾਲ ਖ਼ਰਚ ਹੋ ਜਾਂਦਾ ਹੈ। ਅੱਜ ਜੋ ਰਕਮ ਬਹੁਤ ਵੱਡੀ ਲੱਗਦੀ ਹੈ, ਉਹ ਕੁਝ ਸਾਲਾਂ ਵਿੱਚ ਘਰ ਬਣਾਉਣ, ਗੱਡੀਆਂ ਖਰੀਦਣ, ਸ਼ੌਕ ਪੂਰੇ ਕਰਨ ਜਾਂ ਹੋਰ ਲੋੜਾਂ ਵਿੱਚ ਖ਼ਤਮ ਹੋ ਸਕਦੀ ਹੈ। ਪਰ ਜਿਹੜੀ ਜ਼ਮੀਨ ਇੱਕ ਵਾਰ ਹੱਥੋਂ ਨਿਕਲ ਜਾਂਦੀ ਹੈ, ਉਹ ਮੁੜ ਹਾਸਲ ਕਰਨਾ ਬਹੁਤ ਔਖਾ ਹੋ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਜ਼ਮੀਨ ਖਰੀਦਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਰਹੀ। ਕੀਮਤਾਂ ਇਸ ਕਦਰ ਵਧ ਚੁੱਕੀਆਂ ਹਨ ਕਿ ਜਿਸ ਨੇ ਇੱਕ ਵਾਰ ਆਪਣੀ ਧਰਤੀ ਵੇਚ ਦਿੱਤੀ, ਉਹ ਅਕਸਰ ਮੁੜ ਉਸੇ ਪਿੰਡ ਵਿੱਚ ਇੱਕ ਏਕੜ ਵੀ ਨਹੀਂ ਖਰੀਦ ਸਕਦਾ।

ਸਾਨੂੰ ਆਪਣੇ ਆਪ ਤੋਂ ਇੱਕ ਸਵਾਲ ਪੁੱਛਣਾ ਚਾਹੀਦਾ ਹੈ ਕੀ ਜ਼ਮੀਨ ਸਿਰਫ਼ ਵੇਚਣ ਲਈ ਹੁੰਦੀ ਹੈ? ਜਾਂ ਇਹ ਉਹ ਵਿਰਾਸਤ ਹੈ ਜੋ ਸਾਡੇ ਵਡੇਰਿਆਂ ਨੇ ਸਾਡੇ ਤੱਕ ਪਹੁੰਚਾਈ ਹੈ ਤਾਂ ਜੋ ਅਸੀਂ ਇਸ ਨੂੰ ਅੱਗੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾ ਸਕੀਏ? ਜਿਸ ਮਿੱਟੀ ਨੂੰ ਸਾਡੇ ਦਾਦਿਆਂ ਨੇ ਆਪਣੇ ਪਸੀਨੇ ਨਾਲ ਸੀਂਜਿਆ, ਜਿਸ ਧਰਤੀ 'ਤੇ ਸਾਡੇ ਪਿਤਾ ਨੇ ਆਪਣੀ ਜਵਾਨੀ ਲਾ ਦਿੱਤੀ, ਕੀ ਅਸੀਂ ਉਸ ਨੂੰ ਸਿਰਫ਼ ਇੱਕ ਚੈਕ ਦੇ ਬਦਲੇ ਛੱਡ ਸਕਦੇ ਹਾਂ?

ਖੇਤ ਸਿਰਫ਼ ਫ਼ਸਲ ਨਹੀਂ ਉਗਾਉਂਦੇ, ਉਹ ਯਾਦਾਂ ਵੀ ਉਗਾਉਂਦੇ ਹਨ। ਉਸੇ ਮਿੱਟੀ ਵਿੱਚ ਕਿਸੇ ਦਾ ਬਚਪਨ ਦੌੜਿਆ ਹੁੰਦਾ ਹੈ, ਉਸੇ ਖੇਤ ਦੀ ਵੱਟ 'ਤੇ ਬੈਠ ਕੇ ਕਿਸੇ ਨੇ ਜ਼ਿੰਦਗੀ ਦੇ ਪਹਿਲੇ ਸੁਪਨੇ ਵੇਖੇ ਹੁੰਦੇ ਹਨ। ਉੱਥੇ ਹੀ ਕਿਸੇ ਪਿਤਾ ਨੇ ਆਪਣੇ ਪੁੱਤ ਨੂੰ ਪਹਿਲੀ ਵਾਰ ਹਲ ਫੜਨਾ ਸਿਖਾਇਆ ਹੁੰਦਾ ਹੈ। ਉਹ ਧਰਤੀ ਸਿਰਫ਼ ਜ਼ਮੀਨ ਦਾ ਟੁਕੜਾ ਨਹੀਂ, ਇੱਕ ਪੂਰਾ ਇਤਿਹਾਸ ਹੁੰਦੀ ਹੈ।

ਅੱਜ ਪੰਜਾਬ ਦਾ ਇੱਕ ਵੱਡਾ ਹਿੱਸਾ ਇਸ ਦੋ-ਰਾਹੇ 'ਤੇ ਖੜ੍ਹਾ ਹੈ। ਇੱਕ ਪਾਸੇ ਤੁਰੰਤ ਮਿਲਣ ਵਾਲਾ ਲਾਭ ਹੈ ਅਤੇ ਦੂਜੇ ਪਾਸੇ ਲੰਬੇ ਸਮੇਂ ਦੀ ਸੁਰੱਖਿਆ। ਫ਼ੈਸਲਾ ਹਰ ਪਰਿਵਾਰ ਦਾ ਆਪਣਾ ਹੁੰਦਾ ਹੈ, ਪਰ ਇੰਨਾ ਜ਼ਰੂਰ ਯਾਦ ਰੱਖਣਾ ਚਾਹੀਦਾ ਹੈ ਕਿ ਪੈਸਾ ਕਮਾਇਆ ਵੀ ਜਾ ਸਕਦਾ ਹੈ, ਪਰ ਵਿਰਾਸਤ ਇੱਕ ਵਾਰ ਗੁਆ ਲਈ ਜਾਵੇ ਤਾਂ ਉਹ ਮੁੜ ਨਹੀਂ ਮਿਲਦੀ।

ਸ਼ਾਇਦ ਅੱਜ ਲੋੜ ਇਸ ਗੱਲ ਦੀ ਨਹੀਂ ਕਿ ਅਸੀਂ ਆਪਣੀ ਜ਼ਮੀਨ ਦੀ ਕੀਮਤ ਜਾਣੀਏ। ਲੋੜ ਇਸ ਗੱਲ ਦੀ ਹੈ ਕਿ ਅਸੀਂ ਉਸ ਦਾ ਮਹੱਤਵ ਸਮਝੀਏ। ਕਿਉਂਕਿ ਜਿਸ ਦਿਨ ਖੇਤ ਹੱਥੋਂ ਨਿਕਲ ਜਾਂਦੇ ਹਨ, ਉਸ ਦਿਨ ਸਿਰਫ਼ ਮਿੱਟੀ ਨਹੀਂ ਜਾਂਦੀ... ਉਸ ਦਿਨ ਇਤਿਹਾਸ ਦਾ ਇੱਕ ਸਫ਼ਾ, ਪਛਾਣ ਦਾ ਇੱਕ ਹਿੱਸਾ ਅਤੇ ਭਵਿੱਖ ਦੀ ਇੱਕ ਉਮੀਦ ਵੀ ਸਾਡੇ ਹੱਥੋਂ ਖਿਸਕ ਜਾਂਦੀ ਹੈ।

ਪੰਜਾਬ ਦੀ ਪਛਾਣ ਸਿਰਫ਼ ਉਸ ਦੇ ਗੀਤਾਂ, ਬੋਲੀਆਂ ਜਾਂ ਤਿਉਹਾਰਾਂ ਨਾਲ ਨਹੀਂ ਬਣੀ। ਇਸ ਪਛਾਣ ਦੀਆਂ ਜੜ੍ਹਾਂ ਉਹਨਾਂ ਖੇਤਾਂ ਵਿੱਚ ਹਨ, ਜਿਨ੍ਹਾਂ ਨੇ ਸਦੀਆਂ ਤੋਂ ਇਸ ਧਰਤੀ ਨੂੰ ਜੀਵਨ ਦਿੱਤਾ ਹੈ। ਇਹੀ ਕਾਰਨ ਹੈ ਕਿ ਜਦੋਂ ਇੱਕ ਕਿਸਾਨ ਆਪਣੀ ਜ਼ਮੀਨ ਵੇਚਦਾ ਹੈ, ਤਾਂ ਉਹ ਸਿਰਫ਼ ਇੱਕ ਜਾਇਦਾਦ ਦਾ ਸੌਦਾ ਨਹੀਂ ਹੁੰਦਾ, ਸਗੋਂ ਇੱਕ ਅਜਿਹੇ ਰਿਸ਼ਤੇ ਦਾ ਅੰਤ ਹੁੰਦਾ ਹੈ ਜੋ ਪੀੜ੍ਹੀਆਂ ਤੋਂ ਚੱਲਦਾ ਆ ਰਿਹਾ ਸੀ।

ਅੱਜ ਅਸੀਂ ਅਕਸਰ ਸੁਣਦੇ ਹਾਂ ਕਿ "ਜ਼ਮੀਨ ਦੇ ਬਹੁਤ ਚੰਗੇ ਪੈਸੇ ਮਿਲ ਰਹੇ ਹਨ।" ਇਹ ਗੱਲ ਸੁਣਨ ਵਿੱਚ ਆਕਰਸ਼ਕ ਲੱਗਦੀ ਹੈ। ਇੱਕੋ ਵਾਰ ਇੰਨੀ ਵੱਡੀ ਰਕਮ ਮਿਲ ਜਾਵੇ ਤਾਂ ਲੱਗਦਾ ਹੈ ਕਿ ਹੁਣ ਜ਼ਿੰਦਗੀ ਦੀ ਕੋਈ ਚਿੰਤਾ ਨਹੀਂ ਰਹੇਗੀ। ਪਰ ਸਮਾਂ ਬੀਤਣ ਨਾਲ ਉਹੀ ਪੈਸਾ ਹੌਲੀ-ਹੌਲੀ ਘਟਣਾ ਸ਼ੁਰੂ ਹੋ ਜਾਂਦਾ ਹੈ। ਨਵਾਂ ਘਰ ਬਣ ਜਾਂਦਾ ਹੈ, ਗੱਡੀ ਆ ਜਾਂਦੀ ਹੈ, ਕੁਝ ਸ਼ੌਕ ਪੂਰੇ ਹੋ ਜਾਂਦੇ ਹਨ, ਕੁਝ ਰਕਮ ਰੋਜ਼ਾਨਾ ਦੇ ਖ਼ਰਚਿਆਂ ਵਿੱਚ ਲੱਗ ਜਾਂਦੀ ਹੈ। ਕੁਝ ਸਾਲਾਂ ਬਾਅਦ ਜਦੋਂ ਜੇਬ ਹਲਕੀ ਹੋ ਜਾਂਦੀ ਹੈ, ਉਦੋਂ ਅਹਿਸਾਸ ਹੁੰਦਾ ਹੈ ਕਿ ਜੋ ਚੀਜ਼ ਵੇਚੀ ਸੀ, ਉਹ ਤਾਂ ਹੁਣ ਪਹਿਲਾਂ ਨਾਲੋਂ ਕਈ ਗੁਣਾ ਮਹਿੰਗੀ ਹੋ ਚੁੱਕੀ ਹੈ ਅਤੇ ਮੁੜ ਖਰੀਦਣਾ ਲਗਭਗ ਅਸੰਭਵ ਹੈ।

ਅੱਜ ਪੰਜਾਬ ਵਿੱਚ ਜ਼ਮੀਨ ਦੀ ਕੀਮਤ ਲਗਾਤਾਰ ਵਧ ਰਹੀ ਹੈ। ਇਸ ਹਕੀਕਤ ਨੂੰ ਦੇਖਦਿਆਂ ਇੱਕ ਸਵਾਲ ਸਾਡੇ ਸਾਹਮਣੇ ਖੜ੍ਹਾ ਹੁੰਦਾ ਹੈ ਕੀ ਅਸੀਂ ਕੁਝ ਸਾਲਾਂ ਦੀ ਸਹੂਲਤ ਲਈ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਸਭ ਤੋਂ ਵੱਡਾ ਸਹਾਰਾ ਖ਼ਤਮ ਕਰ ਰਹੇ ਹਾਂ? ਜੇ ਅੱਜ ਅਸੀਂ ਆਪਣੀ ਧਰਤੀ ਵੇਚ ਦੇਵਾਂਗੇ, ਤਾਂ ਕੱਲ੍ਹ ਸਾਡੇ ਬੱਚਿਆਂ ਕੋਲ ਕੀ ਬਚੇਗਾ? ਉਹ ਕਿਹੜੀ ਵਿਰਾਸਤ ਨੂੰ ਆਪਣਾ ਕਹਿਣਗੇ?

ਇੱਕ ਹੋਰ ਚਿੰਤਾ ਇਹ ਵੀ ਹੈ ਕਿ ਜਦੋਂ ਖੇਤੀ ਵਾਲੀ ਜ਼ਮੀਨ ਵੱਡੇ ਪੱਧਰ 'ਤੇ ਹੋਰ ਵਰਤੋਂ ਵਿੱਚ ਜਾਣ ਲੱਗਦੀ ਹੈ, ਤਾਂ ਪਿੰਡਾਂ ਦਾ ਸਰੂਪ ਵੀ ਬਦਲਣਾ ਸ਼ੁਰੂ ਹੋ ਜਾਂਦਾ ਹੈ। ਖੁੱਲ੍ਹੇ ਖੇਤ ਘੱਟ ਹੋ ਜਾਂਦੇ ਹਨ, ਹਰਿਆਵਲੀ ਘਟਦੀ ਹੈ ਅਤੇ ਪਿੰਡਾਂ ਦੀ ਉਹ ਪਛਾਣ, ਜੋ ਕੁਦਰਤ ਅਤੇ ਖੇਤੀ ਨਾਲ ਜੁੜੀ ਸੀ, ਹੌਲੀ-ਹੌਲੀ ਬਦਲਣ ਲੱਗਦੀ ਹੈ। ਇਹ ਤਬਦੀਲੀ ਹਰ ਥਾਂ ਇੱਕੋ ਜਿਹੀ ਨਹੀਂ ਹੁੰਦੀ, ਪਰ ਇਸ ਬਾਰੇ ਸੋਚਣਾ ਜ਼ਰੂਰ ਬਣਦਾ ਹੈ ਕਿ ਵਿਕਾਸ ਦੇ ਨਾਲ-ਨਾਲ ਅਸੀਂ ਆਪਣੀ ਖੇਤੀਯੋਗ ਧਰਤੀ ਨੂੰ ਕਿਵੇਂ ਸੰਭਾਲੀਏ।

ਸਾਡੇ ਵਡੇਰਿਆਂ ਨੇ ਜ਼ਮੀਨ ਨੂੰ ਸਿਰਫ਼ ਆਪਣੇ ਲਈ ਨਹੀਂ ਸੰਭਾਲਿਆ ਸੀ। ਉਨ੍ਹਾਂ ਨੇ ਇਸ ਨੂੰ ਅਗਲੀਆਂ ਪੀੜ੍ਹੀਆਂ ਲਈ ਇੱਕ ਅਮਾਨਤ ਸਮਝਿਆ। ਕਈਆਂ ਨੇ ਕਰਜ਼ੇ ਝੱਲੇ, ਕਈਆਂ ਨੇ ਔਖੇ ਸਮੇਂ ਵੇਖੇ, ਪਰ ਫਿਰ ਵੀ ਧਰਤੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ। ਉਹ ਜਾਣਦੇ ਸਨ ਕਿ ਮਾੜੇ ਸਮੇਂ ਵਿੱਚ ਵੀ ਜ਼ਮੀਨ ਹੀ ਸਭ ਤੋਂ ਵੱਡਾ ਸਹਾਰਾ ਬਣ ਸਕਦੀ ਹੈ।

ਇਸ ਲਈ ਅੱਜ ਲੋੜ ਸਿਰਫ਼ ਇਹ ਸੋਚਣ ਦੀ ਨਹੀਂ ਕਿ ਜ਼ਮੀਨ ਕਿੰਨੇ ਦੀ ਵਿਕੇਗੀ, ਸਗੋਂ ਇਹ ਵੀ ਸੋਚਣ ਦੀ ਹੈ ਕਿ ਜੇ ਇਹ ਚਲੀ ਗਈ ਤਾਂ ਸਾਡੇ ਕੋਲ ਕੀ ਬਚੇਗਾ? ਪੈਸਾ ਦੁਬਾਰਾ ਕਮਾਇਆ ਜਾ ਸਕਦਾ ਹੈ, ਪਰ ਆਪਣੀ ਮਿੱਟੀ, ਆਪਣੀ ਪਛਾਣ ਅਤੇ ਆਪਣੇ ਵਡੇਰਿਆਂ ਦੀ ਨਿਸ਼ਾਨੀ ਮੁੜ ਨਹੀਂ ਖਰੀਦੀ ਜਾ ਸਕਦੀ।

ਇਹ ਲੇਖ ਕਿਸੇ ਨੂੰ ਦੋਸ਼ ਦੇਣ ਲਈ ਨਹੀਂ ਲਿਖਿਆ ਗਿਆ। ਅਸੀਂ ਜਾਣਦੇ ਹਾਂ ਕਿ ਕਈ ਪਰਿਵਾਰ ਮਜਬੂਰੀਆਂ, ਕਰਜ਼ੇ, ਇਲਾਜ, ਬੱਚਿਆਂ ਦੀ ਪੜ੍ਹਾਈ ਜਾਂ ਹੋਰ ਕਾਰਨਾਂ ਕਰਕੇ ਜ਼ਮੀਨ ਵੇਚਣ ਦਾ ਔਖਾ ਫ਼ੈਸਲਾ ਕਰਦੇ ਹਨ। ਅਜਿਹੀਆਂ ਸਥਿਤੀਆਂ ਨੂੰ ਸਮਝਣਾ ਵੀ ਉਤਨਾ ਹੀ ਜ਼ਰੂਰੀ ਹੈ। ਪਰ ਜਿੱਥੇ ਚੋਣ ਸਾਡੇ ਹੱਥ ਵਿੱਚ ਹੋਵੇ, ਉੱਥੇ ਇੱਕ ਵਾਰ ਆਪਣੇ ਭਵਿੱਖ ਅਤੇ ਆਉਣ ਵਾਲੀਆਂ ਪੀੜ੍ਹੀਆਂ ਬਾਰੇ ਜ਼ਰੂਰ ਸੋਚਣਾ ਚਾਹੀਦਾ ਹੈ।

ਅੱਜ ਦਾ ਸਮਾਂ ਸਾਨੂੰ ਇੱਕ ਗੱਲ ਸਿਖਾ ਰਿਹਾ ਹੈ ਕਿ ਧਰਤੀ ਬਣਦੀ ਨਹੀਂ, ਸਿਰਫ਼ ਸੰਭਾਲੀ ਜਾਂਦੀ ਹੈ। ਅਸੀਂ ਫੈਕਟਰੀ ਬਣਾ ਸਕਦੇ ਹਾਂ, ਇਮਾਰਤਾਂ ਖੜ੍ਹੀਆਂ ਕਰ ਸਕਦੇ ਹਾਂ, ਨਵੇਂ ਸ਼ਹਿਰ ਵਸਾ ਸਕਦੇ ਹਾਂ, ਪਰ ਇੱਕ ਇੰਚ ਉਪਜਾਊ ਜ਼ਮੀਨ ਨਹੀਂ ਬਣਾ ਸਕਦੇ। ਕੁਦਰਤ ਨੇ ਜੋ ਸਾਨੂੰ ਦਿੱਤਾ ਹੈ, ਉਸ ਨੂੰ ਸੰਭਾਲਣਾ ਹੀ ਸਾਡੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ।

ਪੰਜਾਬ ਸਿਰਫ਼ ਨਕਸ਼ੇ ਉੱਤੇ ਬਣਿਆ ਇੱਕ ਸੂਬਾ ਨਹੀਂ। ਪੰਜਾਬ ਦੀ ਪਛਾਣ ਉਸ ਦੇ ਖੇਤਾਂ ਨਾਲ ਹੈ। ਜੇ ਇਹ ਖੇਤ ਹੌਲੀ-ਹੌਲੀ ਘੱਟਦੇ ਗਏ, ਤਾਂ ਸਿਰਫ਼ ਖੇਤੀ ਹੀ ਨਹੀਂ, ਸਾਡਾ ਸੱਭਿਆਚਾਰ, ਸਾਡੀ ਬੋਲੀ, ਸਾਡੇ ਪਿੰਡਾਂ ਦੀ ਰੂਹ ਅਤੇ ਸਾਡੀ ਪਛਾਣ ਵੀ ਬਦਲਣ ਲੱਗੇਗੀ। ਇਸ ਲਈ ਜ਼ਮੀਨ ਨੂੰ ਸਿਰਫ਼ ਅੱਜ ਦੇ ਲਾਭ ਦੀ ਨਜ਼ਰ ਨਾਲ ਨਹੀਂ, ਸਗੋਂ ਕੱਲ੍ਹ ਦੀ ਜ਼ਿੰਮੇਵਾਰੀ ਵਜੋਂ ਵੀ ਦੇਖਣਾ ਚਾਹੀਦਾ ਹੈ।

ਅੱਜ ਜੋ ਬੱਚਾ ਆਪਣੇ ਦਾਦੇ ਨਾਲ ਖੇਤ ਵਿੱਚ ਤੁਰਦਾ ਹੈ, ਹੋ ਸਕਦਾ ਹੈ ਕੱਲ੍ਹ ਉਸੇ ਥਾਂ ਕੋਈ ਇਮਾਰਤ ਖੜ੍ਹੀ ਹੋਵੇ। ਫਿਰ ਉਹ ਆਪਣੇ ਬੱਚਿਆਂ ਨੂੰ ਕੀ ਦੱਸੇਗਾ ਕਿ "ਇੱਥੇ ਕਦੇ ਸਾਡੇ ਖੇਤ ਹੁੰਦੇ ਸਨ?" ਕੀ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਸਿਰਫ਼ ਤਸਵੀਰਾਂ ਵਿੱਚ ਹੀ ਖੇਤ ਦੇਖਣਗੀਆਂ? ਕੀ ਉਹ ਸਿਰਫ਼ ਕਹਾਣੀਆਂ ਵਿੱਚ ਹੀ ਸੁਣਨਗੀਆਂ ਕਿ ਕਦੇ ਪੰਜਾਬ ਦੀ ਪਛਾਣ ਹਰੀਆਂ ਫ਼ਸਲਾਂ ਹੁੰਦੀਆਂ ਸਨ?

ਸਾਨੂੰ ਇਹ ਵੀ ਸਮਝਣਾ ਹੋਵੇਗਾ ਕਿ ਵਿਕਾਸ ਜ਼ਰੂਰੀ ਹੈ, ਪਰ ਅਜਿਹਾ ਵਿਕਾਸ ਜੋ ਆਪਣੀਆਂ ਜੜ੍ਹਾਂ ਨੂੰ ਹੀ ਕੱਟ ਦੇਵੇ, ਉਹ ਲੰਬੇ ਸਮੇਂ ਲਈ ਸਮਾਜ ਨੂੰ ਕਮਜ਼ੋਰ ਕਰ ਸਕਦਾ ਹੈ। ਤਰੱਕੀ ਦਾ ਅਰਥ ਆਪਣੀ ਪਛਾਣ ਗੁਆ ਦੇਣਾ ਨਹੀਂ ਹੁੰਦਾ। ਅਸਲ ਤਰੱਕੀ ਉਹ ਹੈ ਜੋ ਭਵਿੱਖ ਵੀ ਬਣਾਏ ਅਤੇ ਵਿਰਾਸਤ ਵੀ ਬਚਾਏ।

ਅੱਜ ਫ਼ੈਸਲਾ ਸਾਡੇ ਹੱਥ ਵਿੱਚ ਹੈ। ਕੀ ਅਸੀਂ ਕੁਝ ਸਾਲਾਂ ਦੀ ਸਹੂਲਤ ਲਈ ਸਦੀਆਂ ਦੀ ਅਮਾਨਤ ਗੁਆ ਦੇਵਾਂਗੇ, ਜਾਂ ਆਪਣੇ ਵਡੇਰਿਆਂ ਦੀ ਮਿਹਨਤ ਨੂੰ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਵਾਂਗੇ? ਜਵਾਬ ਹਰ ਪੰਜਾਬੀ ਦੇ ਦਿਲ ਵਿੱਚ ਹੈ।

ਕਿਉਂਕਿ ਯਾਦ ਰੱਖੋ...

ਜਦੋਂ ਖੇਤ ਹੱਥੋਂ ਨਿਕਲ ਜਾਂਦੇ ਨੇ, ਤਾਂ ਸਿਰਫ਼ ਜ਼ਮੀਨ ਨਹੀਂ ਜਾਂਦੀ। ਨਾਲ ਹੀ ਚਲੀਆਂ ਜਾਂਦੀਆਂ ਨੇ ਵਡੇਰਿਆਂ ਦੀਆਂ ਨਿਸ਼ਾਨੀਆਂ, ਬਚਪਨ ਦੀਆਂ ਯਾਦਾਂ, ਪਿੰਡ ਦੀ ਰੂਹ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਇੱਕ ਅਨਮੋਲ ਹੱਕ।

ਪੈਸਾ ਮੁੜ ਕਮਾਇਆ ਜਾ ਸਕਦਾ ਹੈ, ਪਰ ਆਪਣੀ ਮਿੱਟੀ... ਆਪਣੀ ਪਛਾਣ... ਅਤੇ ਆਪਣੀਆਂ ਜੜ੍ਹਾਂ ਕਦੇ ਮੁੜ ਨਹੀਂ ਖਰੀਦੀਆਂ ਜਾ ਸਕਦੀਆਂ।

**ਕੁਲਬੀਰ ਸ਼ਰਮਾ**
ਪਿੰਡ ਤੇ ਡਾਕ: ਝਬੇਲਵਾਲੀ
ਜ਼ਿਲ੍ਹਾ: ਸ੍ਰੀ ਮੁਕਤਸਰ ਸਾਹਿਬ, ਪੰਜਾਬ
ਮੋਬਾਈਲ: 8427212104

**Information in Public Interest**

To listen to **Dr.Gurdip Singh Sandhu** health education lecture series, go to https://youtu.be/-DUhK3cACEU, Sabrangstation.com ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ਼ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 AM ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

Contact:(408) 687-1899, (925) 587-1148


Arrested ?
DUI ?
Drug Charges ?
Gun Violation ?
Ghuman Law Group
GHUMAN LAW GROUP
Get the Legal Defence you Deserve.
Why Choose Us?
Trusted Legal Experts
Personalized Strategies
Proven Track Record
Criminal Defence Law
• DUI / DWI Defense
• Drug Charges
• Domestic Violence Defense
• Assault & Battery Defense
• Theft / Fraud / Financial Crimes
• Probation Violations
Contact Us
info@ghumanlawgroup.com
ghumanlawgroup.org
+1 228-200-0001

# ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀਆਂ ਸਮੇਤ ਹੋਰ ਪ੍ਰਵਾਸੀਆਂ ਲਈ ਨਵੇਂ ਨਿਯਮ ਦਾ ਕੀਤਾ ਐਲਾਨ

ਸੈਕਰਾਮੈਂਟੋ
ਹੁਸਨ ਲੜੋਆ ਬੰਗਾ

ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ, ਸੈਲਾਨੀਆਂ ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਲਈ ਲੰਬੇ ਸਮੇਂ ਤੋਂ ਚੱਲੀ ਆ ਰਹੀ 'ਸਟੇਟਸ ਦੀ ਮਿਆਦ' ਨੀਤੀ ਨੂੰ ਖਤਮ ਕਰਕੇ ਇੱਕ ਅੰਤਿਮ ਨਿਯਮ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਇਸ ਦੀ ਥਾਂ ਦਾਖਲੇ ਦੀ ਨਿਸ਼ਚਤ ਮਿਆਦ ਹੋਵੇਗੀ ਅਤੇ ਵੀਜ਼ੇ ਦੀ ਮਿਆਦ ਵਧਾਉਣ ਲਈ ਸੰਘੀ ਪ੍ਰਵਾਨਗੀ ਦੀ ਲੋੜ ਹੋਵੇਗੀ। ਇਸ ਤਬਦੀਲੀ ਦਾ ਭਾਰਤੀ ਵਿਦਿਆਰਥੀਆਂ ਉਪਰ ਮਹੱਤਵਪੂਰਨ ਪ੍ਰਭਾਵ ਪੈਣ ਦੀ ਉਮੀਦ ਹੈ, ਜੋ ਕਿ ਅਮਰੀਕਾ ਵਿੱਚ ਵੱਡੀ ਗਿਣਤੀ ਵਿਚ ਰਹਿੰਦੇ ਹਨ। ਤਾਜ਼ਾ ਰਿਪੋਰਟ ਅਨੁਸਾਰ 2024-25 ਅਕਾਦਮਿਕ ਸਾਲ ਦੌਰਾਨ ਲਗਭਗ 360,000 ਭਾਰਤੀ ਵਿਦਿਆਰਥੀ ਅਮਰੀਕੀ ਸੰਸਥਾਵਾਂ ਵਿੱਚ ਦਾਖਲ ਹੋਏ ਸਨ, ਜੋ ਕਿ ਦੇਸ਼ ਦੇ 1.1 ਕਰੋੜ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ 31 ਪ੍ਰਤੀਸ਼ਤ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਨਵੇਂ ਨਿਯਮ ਦੇ ਤਹਿਤ ਆਪਣੇ



ਅਕਾਦਮਿਕ ਪ੍ਰੋਗਰਾਮਾਂ ਨੂੰ ਪੂਰਾ ਕਰਨ ਲਈ ਹੋਰ ਸਮਾਂ ਮੰਗਣ ਵਾਲੇ ਵਿਦਿਆਰਥੀਆਂ ਨੂੰ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਤੋਂ ਪ੍ਰਵਾਨਗੀ ਲੈਣੀ ਪਵੇਗੀ, ਰਸਮੀ ਦਸਤਾਵੇਜ਼, ਬਾਇਓਮੈਟ੍ਰਿਕ ਡੇਟਾ ਜਮਾਂ ਕਰਵਾਉਣਾ ਪਵੇਗਾ ਅਤੇ ਸਮਾਂ ਵਧਾਉਣ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਪਿਛੋਕੜ ਦੀ ਜਾਂਚ ਕਰਵਾਉਣੀ ਜਰੂਰੀ ਹੋਵੇਗੀ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਅੰਤਿਮ ਨਿਯਮ ਐਫ , ਜੇ ਅਤੇ ਐਲ ਸ਼੍ਰੇਣੀਆਂ 'ਚ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ 'ਤੇ ਲਾਗੂ ਹੁੰਦਾ ਹੈ ਅਤੇ ਇਸ ਦਾ ਉਦੇਸ਼ ਨਿਯਮਤ ਸਰਕਾਰੀ ਜਾਂਚ ਰਾਹੀਂ ਇਮੀਗ੍ਰੇਸ਼ਨ ਨਿਗਰਾਨੀ ਨੂੰ ਮਜ਼ਬੂਤ ਕਰਨਾ, ਵੀਜ਼ਾ ਧੋਖਾਧੜੀ ਨੂੰ ਘਟਾਉਣਾ ਅਤੇ ਰਾਸ਼ਟਰੀ ਸੁਰੱਖਿਆ ਨੂੰ ਵਧਾਉਣਾ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਕਿ 1978 ਤੋਂ ਲਾਗੂ ਪਿਛਲੀ ਪ੍ਰਣਾਲੀ ਨੇ ਇਮੀਗ੍ਰੇਸ਼ਨ ਨਿਗਰਾਨੀ ਨੂੰ ਕਮਜ਼ੋਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਦਹਾਕਿਆਂ ਤੋਂ ਅਣਮਿੱਥੇ ਸਮੇਂ ਲਈ ਦਾਖਲਾ ਦਿੱਤਾ ਗਿਆ ਸੀ, ਜਿਸ ਨਾਲ ਕੁਝ ਦੇਸ਼ ਛੱਡਣ ਤੋਂ ਬਚਣ ਲਈ ਵਾਰ-ਵਾਰ ਕੋਰਸਾਂ ਵਿੱਚ ਦਾਖਲਾ ਲੈ ਕੇ ਹਮੇਸ਼ਾ ਲਈ ਅਮਰੀਕੀ ਵਿਚ ਟਿਕ ਜਾਂਦੇ ਸਨ।

# ਆਪ ਨੇ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਨੂੰ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਜਿੱਤ ਦੱਸਦਿਆਂ ਕੀਤਾ ਸਵਾਗਤ

ਚੰਡੀਗੜ੍ਹ
ਸਾਂਝੀ ਸੋਚ ਬਿਊਰੋ

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਸ਼ਨੀਵਾਰ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫੇ ਦਾ ਸਵਾਗਤ ਕੀਤਾ ਹੈ। ਪਾਰਟੀ ਨੇ ਇਸ ਨੂੰ ਲੱਖਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਦੀ ਇਤਿਹਾਸਕ ਜਿੱਤ ਦੱਸਿਆ, ਜੋ ਪੇਪਰ ਲੀਕ, ਪ੍ਰੀਖਿਆਵਾਂ ਵਿੱਚ ਗੜਬੜੀਆਂ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦੀਆਂ ਵਿਦਿਆਰਥੀ ਵਿਰੋਧੀ ਨੀਤੀਆਂ ਖਿਲਾਫ ਲਗਾਤਾਰ ਲੜਾਈ ਲੜ ਰਹੇ ਸਨ।

ਇਸ ਤੋਂ ਪਹਿਲਾਂ ਦਿਨ ਵੇਲੇ, ਆਪ ਨੇ ਕੇਂਦਰ ਦੀਆਂ ਵਿਦਿਆਰਥੀ ਵਿਰੋਧੀ ਨੀਤੀਆਂ ਖਿਲਾਫ ਪੂਰੇ ਪੰਜਾਬ ਵਿੱਚ 'ਥਾਲੀ ਵਜਾਓ, ਤਾਨਾਸ਼ਾਹ ਭਗਾਓ' ਦੇ ਰਾਜ ਵਿਆਪੀ ਧਰਨੇ-ਪ੍ਰਦਰਸ਼ਨ ਆਯੋਜਿਤ ਕੀਤੇ। ਆਪ ਦੇ ਮੰਤਰੀਆਂ, ਸੰਸਦ ਮੈਂਬਰਾਂ, ਵਿਧਾਇਕਾਂ, ਅਹੁਦੇਦਾਰਾਂ ਅਤੇ ਹਜ਼ਾਰਾਂ ਪਾਰਟੀ ਵਰਕਰਾਂ ਨੇ ਹਰ ਜ਼ਿਲ੍ਹੇ ਵਿੱਚ ਸੜਕਾਂ 'ਤੇ ਉਤਰ ਕੇ ਵਿਦਿਆਰਥੀਆਂ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕੀਤਾ ਅਤੇ ਬਾਰ-ਬਾਰ ਹੁੰਦੇ ਪੇਪਰ ਲੀਕ ਅਤੇ ਦੇਸ਼ ਦੀ ਭਰਤੀ ਤੇ ਸਿੱਖਿਆ ਪ੍ਰਣਾਲੀ ਦੇ ਢਹਿ-ਢੇਰੀ ਹੋਣ 'ਤੇ ਕੇਂਦਰ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਕੀਤੀ। ਧਰਮੇਂਦਰ ਪ੍ਰਧਾਨ ਦੇ ਅਸਤੀਫੇ 'ਤੇ ਆਪ ਦੇ ਸੀਨੀਅਰ ਆਗੂ ਅਤੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, "ਧਰਮੇਂਦਰ ਪ੍ਰਧਾਨ ਦਾ ਅਸਤੀਫਾ ਨੌਜਵਾਨ ਸ਼ਕਤੀ ਦੀ ਇੱਕ ਵੱਡੀ ਮਿਸਾਲ ਹੈ। ਪ੍ਰਧਾਨ ਮੰਤਰੀ ਮੋਦੀ ਨੂੰ ਇਸ ਨੂੰ ਜਲਦ ਤੋਂ ਜਲਦ ਸਵੀਕਾਰ ਕਰਨਾ ਚਾਹੀਦਾ ਹੈ। ਆਖਰਕਾਰ, ਭਾਜਪਾ ਨੌਜਵਾਨਾਂ ਦੀ ਜ਼ਿੱਦ ਅੱਗੇ ਝੁਕ ਗਈ ਹੈ। ਉਮੀਦ ਹੈ ਕਿ ਇਸ ਨਾਲ ਸਿੱਖਿਆ ਪ੍ਰਣਾਲੀ ਦਾ ਪੁਨਰਗਠਨ, ਪੇਪਰ ਲੀਕ ਦੀ ਸਮੱਸਿਆ ਦਾ ਹੱਲ ਵਰਗੇ ਵਿਦਿਆਰਥੀਆਂ ਲਈ ਵੱਡੇ ਸੁਧਾਰ



ਅਤੇ ਵਿਆਪਕ ਬਦਲਾਅ ਹੋਣਗੇ ਇਨਕਲਾਬ ਜ਼ਿੰਦਾਬਾਦ।"ਇਸ ਦੌਰਾਨ, ਆਪ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਨੇ ਇਸ ਅਸਤੀਫੇ ਨੂੰ ਕਰੋੜਾਂ ਵਿਦਿਆਰਥੀਆਂ, ਨੌਜਵਾਨਾਂ ਅਤੇ ਲੋਕਤੰਤਰ ਤੇ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦੇ ਅਧਿਕਾਰ ਵਿੱਚ ਵਿਸ਼ਵਾਸ ਰੱਖਣ ਵਾਲੇ ਹਰ ਨਾਗਰਿਕ ਦੀ ਇੱਕ ਇਤਿਹਾਸਕ ਜਿੱਤ ਕਰਾਰ ਦਿੱਤਾ।ਆਪ ਸੰਸਦ ਮੈਂਬਰ ਨੇ ਪੁਲਿਸ ਦੀਆਂ ਕਾਰਵਾਈਆਂ ਅਤੇ ਧੱਕੇਸ਼ਾਹੀ ਦਾ ਸਾਹਮਣਾ ਕਰਨ ਦੇ ਬਾਵਜੂਦ ਅੰਦੋਲਨ ਦੀ ਅਗਵਾਈ ਕਰਨ ਵਾਲੇ ਵਿਦਿਆਰਥੀਆਂ ਅਤੇ ਨੌਜਵਾਨਾਂ ਨੂੰ ਵਧਾਈ ਦਿੱਤੀ।

॥ਉਨ੍ਹਾਂ ਕਿਹਾ, "ਭਾਜਪਾ ਸਰਕਾਰ ਨੇ ਲੋਕਤੰਤਰੀ ਅੰਦੋਲਨ ਨੂੰ ਦਬਾਉਣ ਲਈ ਹਰ ਸੰਭਵ ਹਥਕੰਡਾ ਅਪਣਾਇਆ, ਪਰ ਵਿਦਿਆਰਥੀਆਂ ਦੇ ਹੌਸਲੇ ਅਤੇ ਏਕਤਾ ਨੇ ਆਖਰਕਾਰ ਕੇਂਦਰ ਨੂੰ ਪਿੱਛੇ ਹਟਣ ਲਈ ਮਜਬੂਰ ਕਰ ਦਿੱਤਾ। ਪ੍ਰਦਰਸ਼ਨਕਾਰੀ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਗਿਆ, ਕਈਆਂ ਨੂੰ ਹਸਪਤਾਲ ਭਰਤੀ ਕਰਵਾਇਆ ਗਿਆ, ਅਤੇ ਇੱਥੋਂ ਤੱਕ ਕਿ ਪ੍ਰਦਰਸ਼ਨਕਾਰੀਆਂ ਦੇ ਖਾਣ-ਪੀਣ ਦੇ ਪ੍ਰਬੰਧਾਂ ਵਿੱਚ ਵਿਘਨ ਪਾਉਣ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ ਗਈਆਂ।

ਇਹਨਾਂ ਸਾਰੀਆਂ ਔਕੜਾਂ ਦੇ ਬਾਵਜੂਦ, ਵਿਦਿਆਰਥੀ ਇੱਕਜੁੱਟ ਰਹੇ ਅਤੇ ਸਰਕਾਰ ਨੂੰ ਕਾਰਵਾਈ ਕਰਨ ਲਈ ਮਜਬੂਰ ਹੋਣ ਤੱਕ ਆਪਣਾ ਸ਼ਾਂਤਮਈ ਸੰਘਰਸ਼ ਜਾਰੀ ਰੱਖਿਆ।"

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ਼ ਅਸਤੀਫ਼ਾ ਹੀ ਕਾਫ਼ੀ ਨਹੀਂ ਹੋਵੇਗਾ। ਉਨ੍ਹਾਂ ਪਾਰਦਰਸ਼ਤਾ, ਜਵਾਬਦੇਹੀ ਨਿਸ਼ਚਿਤ ਕਰਨ ਅਤੇ ਪੇਪਰ ਲੀਕ ਦੀ ਸਮੱਸਿਆ ਨੂੰ ਖ਼ਤਮ ਕਰਨ ਲਈ ਦੇਸ਼ ਦੀ ਪ੍ਰੀਖਿਆ ਅਤੇ ਭਰਤੀ ਪ੍ਰਣਾਲੀ ਦੇ ਮੁਕੰਮਲ ਸੁਧਾਰ ਦੀ ਮੰਗ ਕੀਤੀ, ਜਿਸ ਨੇ ਲੱਖਾਂ ਨੌਜਵਾਨਾਂ ਦੇ ਭਵਿੱਖ ਅਤੇ ਉਮੀਦਾਂ ਨੂੰ ਠੇਸ ਪਹੁੰਚਾਈ ਹੈ।

ਮਾਲਵਿੰਦਰ ਸਿੰਘ ਕੰਗ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਤਾਨਾਸ਼ਾਹੀ ਰਵੱਈਆ ਅਪਣਾਉਣ ਵਿਰੁੱਧ ਚੇਤਾਵਨੀ ਵੀ ਦਿੱਤੀ। ਉਨ੍ਹਾਂ ਕਿਹਾ, "ਜੇਕਰ ਕੇਂਦਰ ਸਰਕਾਰ ਵਿਦਿਆਰਥੀਆਂ, ਕਿਸਾਨਾਂ, ਮੁਲਾਜ਼ਮਾਂ ਅਤੇ ਸਮਾਜ ਦੇ ਹੋਰ ਵਰਗਾਂ ਦੀ ਆਵਾਜ਼ ਨੂੰ ਅਣਗੌਲਿਆ ਕਰਦੀ ਰਹੀ, ਤਾਂ ਲੋਕ ਲੋਕਤੰਤਰ ਦੀ ਰਾਖੀ ਅਤੇ ਆਪਣੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇੱਕ ਵਾਰ ਫਿਰ ਸੜਕਾਂ 'ਤੇ ਉਤਰਨਗੇ।"

ਵਿਦਿਆਰਥੀਆਂ ਅਤੇ ਨੌਜਵਾਨਾਂ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਆਪ ਨੇ ਕਿਹਾ ਕਿ ਜਦੋਂ ਤੱਕ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਪਾਰਦਰਸ਼ੀ, ਨਿਰਪੱਖ ਅਤੇ ਜਵਾਬਦੇਹ ਨਹੀਂ ਬਣਾਇਆ ਜਾਂਦਾ, ਉਹ ਸੜਕਾਂ ਤੋਂ ਲੈ ਕੇ ਸੰਸਦ ਤੱਕ ਉਨ੍ਹਾਂ ਦੇ ਮੁੱਦੇ ਚੁੱਕਦੇ ਰਹਿਣਗੇ।

# ਕੈਨੇਡਾ 'ਚ ਨਸ਼ੇ ਦੀ ਵੱਡੀ ਖੇਪ ਬਰਾਮਦ, 13 ਪੰਜਾਬੀ ਗ੍ਰਿਫ਼ਤਾਰ

ਓਟਵਾ
ਸਾਂਝੀ ਸੋਚ ਬਿਊਰੋ

ਕੈਨੇਡਾ ਵਿੱਚ ਸਰਹੱਦ ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਰੁੱਧ ਚਲਾਈ ਗਈ ਇੱਕ ਵੱਡੀ ਕਾਰਵਾਈ ਦੌਰਾਨ ਅਧਿਕਾਰੀਆਂ ਨੇ ਲਗਭਗ 1.7 ਟਨ ਸ਼ੱਕੀ ਨਸ਼ੀਲੇ ਪਦਾਰਥ ਜ਼ਬਤ ਕੀਤੇ ਹਨ, ਜਿਨ੍ਹਾਂ ਦੀ ਅੰਦਾਜ਼ਨ ਕੀਮਤ 139 ਮਿਲੀਅਨ ਕੈਨੇਡੀਅਨ ਡਾਲਰ ਤੋਂ ਵੱਧ ਦੱਸੀ ਜਾ ਰਹੀ ਹੈ। ਇਸ ਮਾਮਲੇ ਵਿੱਚ 21 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ 13 ਜਣੇ ਭਾਰਤੀ ਮੂਲ (ਸਾਰੇ ਪੰਜਾਬੀ) ਦੇ ਦੱਸੇ ਜਾ ਰਹੇ ਹਨ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਅਨੁਸਾਰ 'ਪ੍ਰੋਜੈਕਟ ਬੇਅ' ਨਾਮ ਦੀ ਇਸ ਸਾਲ ਭਰ ਚੱਲੀ ਜਾਂਚ 'ਚ ਕੈਨੇਡਾ-ਅਮਰੀਕਾ ਸਰਹੱਦ ਪਾਰ ਸਰਗਰਮ ਇੱਕ ਕਥਿਤ ਤਸਕਰੀ ਨੈੱਟਵਰਕ ਦਾ ਪਰਦਾਫਾਸ਼ ਕੀਤਾ ਗਿਆ ਹੈ। ਜਾਂਚ ਦੌਰਾਨ ਕੋਕੀਨ, ਮੇਥਾਮਫੇਟਾਮਾਈਨ ਅਤੇ ਅਫੀਮ ਵਰਗੇ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ, ਜਿਸ ਨੂੰ ਓਨਟਾਰੀਓ ਵਿੱਚ ਇੱਕ ਹੀ ਜਾਂਚ ਦੌਰਾਨ ਹੋਈਆਂ ਸਭ ਤੋਂ ਵੱਡੀਆਂ ਬਰਾਮਦਗੀਆਂ ਵਿੱਚੋਂ ਇੱਕ ਮੰਨਿਆ ਜਾ ਰਿਹਾ ਹੈ।ਇਹ ਜਾਂਚ ਜਨਵਰੀ 2025 ਵਿੱਚ ਵਿੰਡਸਰ ਪੁਲਿਸ ਵੱਲੋਂ ਸ਼ੁਰੂ ਕੀਤੀ ਗਈ ਸੀ। ਬਾਅਦ ਵਿੱਚ ਸੀਬੀਐਸਏ, ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਅਤੇ ਅਮਰੀਕਾ ਦੀਆਂ ਏਜੰਸੀਆਂ, ਜਿਨ੍ਹਾਂ ਵਿੱਚ ਹੋਮਲੈਂਡ ਸਿਕਿਓਰਿਟੀ ਇਨਵੈਸਟੀਗੇਸ਼ਨ ਅਤੇ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ ਸ਼ਾਮਲ ਹਨ, ਵੀ ਇਸ ਕਾਰਵਾਈ ਵਿੱਚ ਸ਼ਾਮਲ ਹੋਈਆਂ। ਜਾਂਚਕਰਤਾਵਾਂ ਦਾ ਦੋਸ਼ ਹੈ ਕਿ ਇਹ ਨੈੱਟਵਰਕ ਵਪਾਰਕ ਟਰਾਂਸਪੋਰਟ ਉਦਯੋਗ ਦੇ ਅੰਦਰ ਇੱਕ ਦਲਾਲ-ਸ਼ੈਲੀ ਦੇ ਸਿਸਟਮ ਰਾਹੀਂ ਕੰਮ ਕਰਦਾ ਸੀ। ਇਸ ਤਹਿਤ ਡਰਾਈਵਰਾਂ ਦੀ ਭਰਤੀ ਕਰਕੇ ਕੈਨੇਡਾ-ਅਮਰੀਕਾ ਸਰਹੱਦ ਪਾਰ ਜਾਣ ਵਾਲੀਆਂ ਜਾਇਜ਼ ਵਪਾਰਕ ਖੇਪਾਂ ਵਿੱਚ ਨਸ਼ੀਲੇ ਪਦਾਰਥ ਛੁਪਾ ਕੇ ਤਸਕਰੀ ਕੀਤੀ ਜਾਂਦੀ ਸੀ। ਅਧਿਕਾਰੀ ਹੁਣ ਇਸ ਨੈੱਟਵਰਕ ਨਾਲ ਜੁੜੇ ਹੋਰ ਵਿਅਕਤੀਆਂ ਅਤੇ ਸੰਭਾਵਿਤ ਸਾਥੀਆਂ ਦੀ ਵੀ ਜਾਂਚ ਕਰ ਰਹੇ ਹਨ।ਅਧਿਕਾਰੀਆਂ ਨੇ ਕਿਹਾ ਕਿ ਇਸ ਕਾਰਵਾਈ ਨਾਲ ਓਨਟਾਰੀਓ ਦੇ ਗੈਰ-ਕਾਨੂੰਨੀ ਨਸ਼ਾ ਕਾਰੋਬਾਰ ਨੂੰ ਵੱਡਾ ਝਟਕਾ ਲੱਗਿਆ ਹੈ। ਇਸ ਦੇ ਨਾਲ ਹੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ ਦੀ ਪ੍ਰੋਵਿੰਸ਼ੀਅਲ ਐਸੇਟ ਫਾਰਫੀਚਰ ਯੂਨਿਟ ਨੇ ਕਥਿਤ ਅਪਰਾਧਿਕ ਗਤੀਵਿਧੀਆਂ ਨਾਲ ਜੁੜੀਆਂ ਜਾਇਦਾਦਾਂ ਦੀ ਪਛਾਣ ਅਤੇ ਜ਼ਬਤੀ ਦੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ।ਮੁਲਜ਼ਮਾਂ ਵਿੱਚ ਬ੍ਰੈਂਪਟਨ ਦੇ ਗਗਨਦੀਪ ਢਿੱਲੋ (27), ਸਿਮਰਨਜੀਤ ਸਿੰਘ (32), ਜਤਿੰਦਰਪਾਲ ਸਿੰਘ (39), ਜਸਵਿੰਦਰ ਸੋਹੀ (55), ਤੇਜਵਿੰਦਰ ਸੰਧੂ (29), ਤਰਮਿੰਦਰ ਸਿੰਘ (19), ਗੁਨਦੀਪ ਤਾਰੀਵਾਲ (32), ਮਹਿਕਪ੍ਰੀਤ ਸਿੰਘ (24) ਅਤੇ ਕਰਨਦੀਪ ਸਿੰਘ (27) ਸ਼ਾਮਲ ਹਨ। ਇਸ ਤੋਂ ਇਲਾਵਾ ਕੰਵਰਪਾਲ ਕੁਲਾਰ (ਲਾਸਾਲੇ),



ਹਰਜਵਿੰਦਰ ਸੰਧੂ (ਕਿਚਨਰ), ਹਨਿੰਦਰਪਾਲ ਗਰੇਵਾਲ (ਬੈਰੀ) ਅਤੇ ਅਵਤਾਰ ਸਹੋਤਾ (ਸ਼ੈਲਬਰਨ) ਵੀ ਮੁਲਜ਼ਮਾਂ ਵਿੱਚ ਸ਼ਾਮਲ ਹਨ।ਕੁੱਲ 21 ਮੁਲਜ਼ਮਾਂ ਖ਼ਿਲਾਫ਼ ਕ੍ਰਿਮਿਨਲ ਕੋਡ ਅਤੇ ਕੰਟਰੋਲਡ ਡਰੱਗਜ਼ ਐਂਡ ਸਬਸਟੈਂਸਿਜ਼ ਐਕਟ ਤਹਿਤ 102 ਦੋਸ਼ ਲਗਾਏ ਗਏ ਹਨ।


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521


RED CHILLI INDIAN
FOOD TRUCK
ਹਰ ਤਰ੍ਹਾਂ ਦੇ ਇੰਡੀਅਨ STARTERS ਤੇ MAIN COURSE
VEG | NON -VEG
ਸਵਾਦਿਸ਼ਟ ਖਾਣਾ, ਵਾਜਬ ਰੇਟਾਂ 'ਤੇ
BOOK US FOR
WEDDINGS
BIRTHDAY PARTIES
CORPORATE EVENTS
BACKYARD PARTIES
RED CHILLI INDIAN
FOOD TRUCK
ਸਾਡਾ ਟਰੱਕ
99 highway ਤੋਂ
Lander Avenue ਤੇ
ਨਿਕਲ ਕੇ ਲੱਗਦੇ ਸਾਰ ਹੀ
ਖੱਬੇ ਹੱਥ ਹੈ
RED CHILLI INDIAN
FOOD TRUCK
ਅਸੀ ਟਿਫਨ ਸਰਵਿਸ ਵੀ ਦਿੰਦੇ ਹਾਂ
DELIVERY Available
Call TO Order : (209) 216-8169
A Kaur 2340 Lander Ave Turlock, CA 95280


ONLY WAY TO GROW YOUR BUSINESS FASTER
BNG
(Business Network Gateway)
We work for you to
Boost Your Business
VIDEO ADVERTISEMENTS
We make professional video advertisements for your business in Punjabi, Hindi & English
POSTERS DESIGN
We design flyers, Posters and Post Cards to promote your business
BUSINESS CARD DESIGN
WE DESIGN YOUR BUSINESS CARD
SOCIAL MEDIA HANDLERS
We can manage your Business social media handlers Facebook, instagram & YouTube
24/7 TECH SUPPORT
We provide 24/7 tech support
CUSTOMER SERVICE
For more information call
Boota Singh Basi +1 (209) 303-1260

# ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀਆਂ ਸਮੇਤ ਹੋਰ ਪ੍ਰਵਾਸੀਆਂ ਲਈ ਨਵੇਂ ਨਿਯਮ ਦਾ ਕੀਤਾ ਐਲਾਨ

ਵਾਸ਼ਿੰਗਟਨ
ਸਾਂਝੀ ਸੋਚ ਬਿਊਰੋ

ਟਰੰਪ ਪ੍ਰਸ਼ਾਸਨ ਨੇ ਵਿਦੇਸ਼ੀ ਵਿਦਿਆਰਥੀਆਂ, ਸੈਲਾਨੀਆਂ ਅਤੇ ਵਿਦੇਸ਼ੀ ਮੀਡੀਆ ਪ੍ਰਤੀਨਿਧੀਆਂ ਲਈ ਲੰਬੇ ਸਮੇਂ ਤੋਂ ਚੱਲੀ ਆ ਰਹੀ 'ਸਟੇਟਸ ਦੀ ਮਿਆਦ' ਨੀਤੀ ਨੂੰ ਖਤਮ ਕਰਕੇ ਇੱਕ ਅੰਤਿਮ ਨਿਯਮ ਦਾ ਐਲਾਨ ਕੀਤਾ ਹੈ ਤੇ ਕਿਹਾ ਹੈ ਕਿ ਇਸ ਦੀ ਥਾਂ ਦਾਖਲੇ ਦੀ ਨਿਸ਼ਚਤ ਮਿਆਦ ਹੋਵੇਗੀ ਅਤੇ ਵੀਜ਼ੇ ਦੀ ਮਿਆਦ ਵਧਾਉਣ ਲਈ ਸੰਘੀ ਪ੍ਰਵਾਨਗੀ ਦੀ ਲੋੜ ਹੋਵੇਗੀ। ਇਸ ਤਬਦੀਲੀ ਦਾ ਭਾਰਤੀ ਵਿਦਿਆਰਥੀਆਂ ਉਪਰ ਮਹੱਤਵਪੂਰਨ ਪ੍ਰਭਾਵ ਪੈਣ ਦੀ ਉਮੀਦ ਹੈ, ਜੋ ਕਿ ਅਮਰੀਕਾ ਵਿੱਚ ਵੱਡੀ ਗਿਣਤੀ ਵਿਚ ਰਹਿੰਦੇ ਹਨ। ਤਾਜ਼ਾ ਰਿਪੋਰਟ ਅਨੁਸਾਰ 2024-25 ਅਕਾਦਮਿਕ ਸਾਲ ਦੌਰਾਨ ਲਗਭਗ 360,000 ਭਾਰਤੀ ਵਿਦਿਆਰਥੀ ਅਮਰੀਕੀ ਸੰਸਥਾਵਾਂ ਵਿੱਚ ਦਾਖਲ ਹੋਏ ਸਨ, ਜੋ ਕਿ ਦੇਸ਼ ਦੇ 1.1 ਕਰੋੜ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਗਭਗ 31 ਪ੍ਰਤੀਸ਼ਤ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਨਵੇਂ ਨਿਯਮ ਦੇ ਤਹਿਤ ਆਪਣੇ



ਅਕਾਦਮਿਕ ਪ੍ਰੋਗਰਾਮਾਂ ਨੂੰ ਪੂਰਾ ਕਰਨ ਲਈ ਹੋਰ ਸਮਾਂ ਮੰਗਣ ਵਾਲੇ ਵਿਦਿਆਰਥੀਆਂ ਨੂੰ ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਤੋਂ ਪ੍ਰਵਾਨਗੀ ਲੈਣੀ ਪਵੇਗੀ, ਰਸਮੀ ਦਸਤਾਵੇਜ਼, ਬਾਇਓਮੈਟ੍ਰਿਕ ਡੇਟਾ ਜਮਾਂ ਕਰਵਾਉਣਾ ਪਵੇਗਾ ਅਤੇ ਸਮਾਂ ਵਧਾਉਣ ਦੀ ਪ੍ਰਕਿਰਿਆ ਦੇ ਹਿੱਸੇ ਵਜੋਂ ਪਿਛੋਕੜ ਦੀ ਜਾਂਚ ਕਰਵਾਉਣੀ ਜਰੂਰੀ ਹੋਵੇਗੀ। ਹੋਮਲੈਂਡ ਸਕਿਉਰਿਟੀ ਵਿਭਾਗ ਅਨੁਸਾਰ ਇਹ ਅੰਤਿਮ ਨਿਯਮ ਐਫ , ਜੇ ਅਤੇ ਐਲ ਸ਼੍ਰੇਣੀਆਂ 'ਚ ਗੈਰ-ਪ੍ਰਵਾਸੀ ਵੀਜ਼ਾ ਧਾਰਕਾਂ 'ਤੇ ਲਾਗੂ ਹੁੰਦਾ ਹੈ ਅਤੇ ਇਸ ਦਾ ਉਦੇਸ਼ ਨਿਯਮਤ ਸਰਕਾਰੀ ਜਾਂਚ ਰਾਹੀਂ ਇਮੀਗ੍ਰੇਸ਼ਨ ਨਿਗਰਾਨੀ ਨੂੰ ਮਜ਼ਬੂਤ ਕਰਨਾ, ਵੀਜ਼ਾ ਧੋਖਾਧੜੀ ਨੂੰ ਘਟਾਉਣਾ ਅਤੇ ਰਾਸ਼ਟਰੀ ਸੁਰੱਖਿਆ ਨੂੰ ਵਧਾਉਣਾ ਹੈ। ਹੋਮਲੈਂਡ ਸਕਿਉਰਿਟੀ ਵਿਭਾਗ ਦੇ ਸਕੱਤਰ ਮਾਰਕਵੇਨ ਮੁਲਿਨ ਨੇ ਕਿਹਾ ਕਿ 1978 ਤੋਂ ਲਾਗੂ ਪਿਛਲੀ ਪ੍ਰਣਾਲੀ ਨੇ ਇਮੀਗ੍ਰੇਸ਼ਨ ਨਿਗਰਾਨੀ ਨੂੰ ਕਮਜ਼ੋਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਵਿਦੇਸ਼ੀ ਵਿਦਿਆਰਥੀਆਂ ਨੂੰ ਦਹਾਕਿਆਂ ਤੋਂ ਅਣਮਿੱਥੇ ਸਮੇਂ ਲਈ ਦਾਖਲਾ ਦਿੱਤਾ ਗਿਆ ਸੀ, ਜਿਸ ਨਾਲ ਕੁਝ ਦੇਸ਼ ਛੱਡਣ ਤੋਂ ਬਚਣ ਲਈ ਵਾਰ-ਵਾਰ ਕੋਰਸਾਂ ਵਿੱਚ ਦਾਖਲਾ ਲੈ ਕੇ ਹਮੇਸ਼ਾ ਲਈ ਅਮਰੀਕੀ ਵਿਚ ਟਿਕ ਜਾਂਦੇ ਸਨ।

# ਰੋਟਰੀ ਕਲੱਬ ਨਾਭਾ ਗ੍ਰੇਟਰ ਵੱਲੋਂ ਸਰਕਾਰੀ ਹਾਈ ਸਕੂਲ ਬਨੇਰਾ ਖੁਰਦ ਨੂੰ ਪਾਣੀ ਦੀ ਟੈਂਕੀ ਭੇਟ

ਨਾਭਾ
ਮੇਜਰ ਸਿੰਘ

ਸਮਾਜ ਸੇਵਾ ਅਤੇ ਸਿੱਖਿਆ ਦੇ ਖੇਤਰ ਵਿੱਚ ਲਗਾਤਾਰ ਸ਼ਲਾਘਾਯੋਗ ਯੋਗਦਾਨ ਪਾ ਰਹੇ ਰੋਟਰੀ ਕਲੱਬ ਨਾਭਾ ਗ੍ਰੇਟਰ ਵੱਲੋਂ ਮਨੋਜ ਸਿੰਗਲਾ, ਸਕੱਤਰ ਰੋਟਰੀ ਕਲੱਬ ਨਾਭਾ ਗ੍ਰੇਟਰ ਦੀ ਸਪੁੱਤਰੀ ਹਰਸ਼ਿਤਾ ਸਿੰਗਲਾ ਦੇ ਜਨਮ ਦਿਵਸ ਦੇ ਸ਼ੁਭ ਮੌਕੇ 'ਤੇ ਸਰਕਾਰੀ ਹਾਈ ਸਕੂਲ ਬਨੇਰਾ ਖੁਰਦ ਨੂੰ ਵਿਦਿਆਰਥੀਆਂ ਦੀ ਸਹੂਲਤ ਲਈ ਇੱਕ ਪਾਣੀ ਦੀ ਟੈਂਕੀ ਭੇਟ ਕੀਤੀ ਗਈ। ਇਸ ਉਪਰਾਲੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸਾਫ਼-ਸੁਥਰਾ ਪੀਣ ਵਾਲਾ ਪਾਣੀ ਉਪਲਬਧ ਕਰਵਾਉਣ ਦੇ ਨਾਲ-ਨਾਲ ਸਮਾਜ ਵਿੱਚ ਸੇਵਾ ਅਤੇ ਸਾਂਝੇਦਾਰੀ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਨਾ ਹੈ। ਇਸ ਮੌਕੇ ਰੋਟਰੀ ਕਲੱਬ ਨਾਭਾ ਗ੍ਰੇਟਰ ਦੇ ਪ੍ਰਧਾਨ ਭੂਪੇਸ਼ ਸਿੰਗਲਾ, ਸਾਬਕਾ ਪ੍ਰਧਾਨ ਭੂਪੇਸ਼ ਬਾਂਸਲ, ਕੈਸ਼ੀਅਰ ਤੇਜ ਬਾਂਸਲ ਅਤੇ ਕਲੱਬ ਦੇ ਸਤਿਕਾਰਯੋਗ ਮੈਂਬਰ ਲਲਿਤ ਸ਼ਰਮਾ, ਵਿਵੇਕ ਖੰਨਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਮਾਗਮ ਦੌਰਾਨ ਪ੍ਰਧਾਨ ਭੂਪੇਸ਼ ਸਿੰਗਲਾ, ਵਿਵੇਕ ਖੰਨਾ ਅਤੇ ਲਲਿਤ ਸ਼ਰਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਮਿਹਨਤ, ਅਨੁਸ਼ਾਸਨ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੀਵਨ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਉੱਚੇ ਟੀਚੇ ਨਿਰਧਾਰਿਤ ਕਰਨ, ਅਧਿਆਪਕਾਂ ਦਾ ਸਤਿਕਾਰ ਕਰਨ ਅਤੇ ਸਮੇਂ ਦੀ ਕਦਰ ਕਰਨ ਦੀ ਬਹੁਤ ਲੋੜ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ, ਨੈਤਿਕ ਕਦਰਾਂ-ਕੀਮਤਾਂ ਨੂੰ ਅਪਣਾਉਣ ਅਤੇ ਹਰ ਖੇਤਰ ਵਿੱਚ ਬਿਹਤਰੀਨ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ। ਰੋਟਰੀ ਕਲੱਬ ਨਾਭਾ ਗ੍ਰੇਟਰ ਪਿਛਲੇ ਕਈ ਸਾਲਾਂ ਤੋਂ ਸਿੱਖਿਆ ਅਤੇ ਸਮਾਜ ਭਲਾਈ ਦੇ ਖੇਤਰ ਵਿੱਚ ਸਰਗਰਮ ਭੂਮਿਕਾ ਨਿਭਾ ਰਿਹਾ ਹੈ। ਕਲੱਬ ਵੱਲੋਂ ਸਮੇਂ-ਸਮੇਂ 'ਤੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਸਹੂਲਤਾਂ ਵਿੱਚ ਸੁਧਾਰ, ਪੀਣ ਵਾਲੇ ਪਾਣੀ ਦੀਆਂ ਸਹੂਲਤਾਂ, ਸਿਹਤ ਜਾਂਚ ਕੈਂਪ, ਰੁੱਖ ਲਗਾਉਣ ਦੀਆਂ ਮੁਹਿੰਮਾਂ, ਵਿਦਿਆਰਥੀਆਂ ਨੂੰ ਲੋੜੀਂਦੀ ਸਮੱਗਰੀ ਦੀ ਵੰਡ, ਕਰੀਅਰ ਮਾਰਗਦਰਸ਼ਨ ਅਤੇ ਹੋਰ ਅਨੇਕਾਂ ਲੋਕ ਭਲਾਈ ਦੇ ਕਾਰਜ ਕੀਤੇ ਜਾਂਦੇ ਹਨ। ਕਲੱਬ ਦਾ ਮੁੱਖ ਉਦੇਸ਼ ਸਿੱਖਿਆ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਅਤੇ ਵਿਦਿਆਰਥੀਆਂ ਨੂੰ ਬਿਹਤਰ ਸਿੱਖਣ ਦਾ ਮਾਹੌਲ ਪ੍ਰਦਾਨ ਕਰਨਾ ਹੈ। ਇਸ ਮੌਕੇ ਸਰਕਾਰੀ ਹਾਈ ਸਕੂਲ ਬਨੇਰਾ ਖੁਰਦ ਦੇ ਮੁੱਖ ਅਧਿਆਪਕ ਸ਼੍ਰੀ ਕੁਲਵੀਰ ਸਿੰਘ ਨੇ ਰੋਟਰੀ ਕਲੱਬ ਨਾਭਾ ਗ੍ਰੇਟਰ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਦਾ ਇਸ ਸ਼ਲਾਘਾਯੋਗ ਉਪਰਾਲੇ ਲਈ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਬੇਟੀ ਹਰਸ਼ਿਤਾ ਸਿੰਗਲਾ ਨੂੰ ਜਨਮ ਦਿਵਸ ਦੀਆਂ ਹਾਰਦਿਕ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਮਾਜ ਸੇਵਾ ਨਾਲ ਜੁੜਿਆ ਇਹ ਉਪਰਾਲਾ ਹੋਰਨਾਂ ਲਈ ਵੀ ਪ੍ਰੇਰਣਾਦਾਇਕ ਹੈ। ਮੁੱਖ ਅਧਿਆਪਕ ਨੇ ਇਹ ਵੀ ਆਸ ਪ੍ਰਗਟਾਈ ਕਿ ਰੋਟਰੀ ਕਲੱਬ ਨਾਭਾ ਗ੍ਰੇਟਰ ਭਵਿੱਖ ਵਿੱਚ ਵੀ ਸਕੂਲ ਨਾਲ ਇਸੇ ਤਰ੍ਹਾਂ ਜੁੜਿਆ ਰਹੇਗਾ ਅਤੇ ਸਕੂਲ ਦੇ ਸਰਵਪੱਖੀ ਵਿਕਾਸ, ਵਿਦਿਆਰਥੀਆਂ ਦੀ ਭਲਾਈ ਅਤੇ ਬੁਨਿਆਦੀ ਸਹੂਲਤਾਂ ਦੇ ਹੋਰ ਸੁਧਾਰ ਲਈ ਆਪਣਾ ਸਹਿਯੋਗ ਜਾਰੀ ਰੱਖੇਗਾ। ਉਨ੍ਹਾਂ ਕਿਹਾ ਕਿ ਸਕੂਲ ਪ੍ਰਸ਼ਾਸਨ ਅਤੇ ਰੋਟਰੀ ਕਲੱਬ ਦੀ ਇਹ ਸਾਂਝ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਲਈ ਇੱਕ ਮਜ਼ਬੂਤ ਕਦਮ ਸਾਬਤ ਹੋਵੇਗੀ। ਸਮਾਗਮ ਦੇ ਅੰਤ ਵਿੱਚ ਸਕੂਲ ਸਟਾਫ਼, ਵਿਦਿਆਰਥੀਆਂ ਅਤੇ ਪਤਵੰਤਿਆਂ ਨੇ ਰੋਟਰੀ ਕਲੱਬ ਨਾਭਾ ਗ੍ਰੇਟਰ ਦੇ ਇਸ ਸਮਾਜ ਭਲਾਈ ਦੇ ਕਾਰਜ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਕਲੱਬ ਦੇ ਚੰਗੇਰੇ ਭਵਿੱਖ ਲਈ ਸ਼ੁਭਕਾਮਨਾਵਾਂ ਦਿਤੀਆਂ।

# ਮੇਅਰ ਮਾਰਥਾ ਗੁਏਰੇਰੋ ਅਤੇ ਗੁਰਦੁਆਰਾ ਸਿੱਖ ਟੈਂਪਲ ਦੇ ਪ੍ਰਧਾਨ ਨਰਿੰਦਰ ਥਾਂਦੀ ਨੇ ਵੈਸਟ ਸੈਕਰਾਮੈਂਟੋ ਲਈ ਇੱਕ ਇਤਿਹਾਸਕ ਮੀਲ ਪੱਥਰ ਦਾ ਕੀਤਾ ਐਲਾਨ

ਸੈਕਰਾਮੈਂਟੋ
ਸਾਂਝੀ ਸੋਚ ਬਿਊਰੋ

ਮੇਅਰ ਮਾਰਥਾ ਗੁਏਰੇਰੋ ਅਤੇ ਗੁਰਦੁਆਰਾ ਸਿੱਖ ਟੈਂਪਲ ਵੈਸਟ ਸੈਕਰਾਮੈਂਟੋ ਦੇ ਪ੍ਰਧਾਨ ਨਰਿੰਦਰ ਸਿੰਘ ਥਾਂਦੀ ਨੇ ਐਤਵਾਰ, 26 ਜੁਲਾਈ, 2026 ਨੂੰ ਗੁਰਦੁਆਰੇ ਦੇ 43ਵੇਂ ਵਰ੍ਹੇਗੰਢ ਸਮਾਰੋਹ ਦੌਰਾਨ ਇੱਕ ਰਸਮੀ ਦੋਭਾਸ਼ੀ ਪੰਜਾਬੀ-ਅੰਗਰੇਜ਼ੀ ਦਿਸ਼ਾ-ਨਿਰਦੇਸ਼ਕ ਚਿੰਨ੍ਹ ਦੇ ਉਦਘਾਟਨ ਦਾ ਐਲਾਨ ਕੀਤਾ।

ਰਸਮੀ ਚਿੰਨ੍ਹ ਇੱਕ ਮਹੱਤਵਪੂਰਨ ਸੱਭਿਆਚਾਰਕ ਅਤੇ ਨਾਗਰਿਕ ਮੀਲ ਪੱਥਰ ਦੀ ਸ਼ੁਰੂਆਤ ਨੂੰ ਦਰਸਾਉਂਦਾ ਹੈ। ਇਹ ਪੱਛਮੀ ਸੈਕਰਾਮੈਂਟੋ ਵਿੱਚ ਸਿੱਖ ਅਤੇ ਪੰਜਾਬੀ ਭਾਈਚਾਰਿਆਂ ਦੇ ਅਮੀਰ ਵਿਰਾਸਤ ਅਤੇ ਸਥਾਈ ਯੋਗਦਾਨ ਨੂੰ ਮਾਨਤਾ ਦੇਣ ਲਈ ਸ਼ਹਿਰ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸ਼ਹਿਰ ਦੁਆਰਾ ਬਾਅਦ ਵਿੱਚ ਇੱਕ ਸਥਾਈ ਦੋਭਾਸ਼ੀ ਦਿਸ਼ਾ-ਨਿਰਦੇਸ਼ਕ ਚਿੰਨ੍ਹ ਸਥਾਪਤ ਕੀਤਾ ਜਾਵੇਗਾ। ਗੁਰਮੁਖੀ (ਪੰਜਾਬੀ) ਅਤੇ ਅੰਗਰੇਜ਼ੀ ਦੋਵਾਂ ਵਿੱਚ "ਗੁਰਦੁਆਰਾ ਸਾਹਿਬ" ਪ੍ਰਦਰਸ਼ਿਤ ਕਰਦੇ ਹੋਏ, ਰਸਮੀ ਚਿੰਨ੍ਹ ਸੈਕਰਾਮੈਂਟੋ ਖੇਤਰ ਵਿੱਚ ਸਿੱਖ ਪੂਜਾ ਸਥਾਨ ਨੂੰ ਮਾਨਤਾ ਦੇਣ ਵਾਲਾ ਪਹਿਲਾ ਦੋਭਾਸ਼ੀ ਪੰਜਾਬੀ ਦਿਸ਼ਾ-ਨਿਰਦੇਸ਼ਕ ਚਿੰਨ੍ਹ ਮੰਨਿਆ ਜਾਂਦਾ ਹੈ। ਇਹ ਪੱਛਮੀ ਸੈਕਰਾਮੈਂਟੋ ਦੀ ਆਪਣੇ ਵਿਭਿੰਨ ਭਾਈਚਾਰਿਆਂ ਨੂੰ ਮਨਾਉਣ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਦੋਂ ਕਿ ਮਹੱਤਵਪੂਰਨ ਸੱਭਿਆਚਾਰਕ ਅਤੇ ਧਾਰਮਿਕ ਸਥਾਨਾਂ ਨੂੰ ਨਿਵਾਸੀਆਂ ਅਤੇ ਸੈਲਾਨੀਆਂ ਲਈ ਵਧੇਰੇ ਪਹੁੰਚਯੋਗ ਬਣਾਉਂਦਾ ਹੈ। ਐਤਵਾਰ ਦਾ ਜਸ਼ਨ ਗੁਰਦੁਆਰਾ ਸਿੱਖ ਟੈਂਪਲ ਵੈਸਟ ਸੈਕਰਾਮੈਂਟੋ ਲਈ ਇੱਕ ਹੋਰ ਇਤਿਹਾਸਕ ਪ੍ਰਾਪਤੀ ਦੀ ਯਾਦ ਦਿਵਾਏਗਾ। ਇਹ ਸੈਕਰਾਮੈਂਟੋ ਖੇਤਰ ਦਾ ਇਕਲੌਤਾ ਗੁਰਦੁਆਰਾ ਬਣ ਜਾਵੇਗਾ ਜਿੱਥੇ ਪਵਿੱਤਰ ਅੰਮ੍ਰਿਤ ਵਾਲਾ ਬਪਤਿਸਮਾ ਫੌਂਟ (ਅੰਮ੍ਰਿਤ ਸੰਚਾਰ) ਹੋਵੇਗਾ। ਪਵਿੱਤਰ ਅੰਮ੍ਰਿਤ ਗਿਆਨੀ ਰਘਬੀਰ ਸਿੰਘ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ (ਸੁਨਹਿਰੀ ਮੰਦਿਰ), ਪੰਜਾਬ, ਭਾਰਤ ਦੇ ਸਾਬਕਾ ਮੁੱਖ ਗ੍ਰੰਥੀ ਦੁਆਰਾ ਨਿੱਜੀ ਤੌਰ 'ਤੇ ਦਿੱਤਾ ਜਾਵੇਗਾ। ਇਸ ਪਵਿੱਤਰ ਅੰਮ੍ਰਿਤ ਦੀ ਸਥਾਪਨਾ ਪੱਛਮੀ ਸੈਕਰਾਮੈਂਟੋ ਨੂੰ ਪੂਰੇ ਉੱਤਰੀ ਕੈਲੀਫੋਰਨੀਆ ਅਤੇ ਇਸ ਤੋਂ ਬਾਹਰ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਅਧਿਆਤਮਿਕ ਸਥਾਨ ਬਣਾ ਦੇਵੇਗੀ। ਐਤਵਾਰ ਦੇ ਜਸ਼ਨ ਤੋਂ ਸ਼ੁਰੂ ਕਰਦੇ ਹੋਏ, ਵਿਅਕਤੀਆਂ ਅਤੇ ਪਰਿਵਾਰਾਂ ਨੂੰ ਪੱਛਮੀ ਸੈਕਰਾਮੈਂਟੋ ਵਿੱਚ ਅੰਮ੍ਰਿਤ ਸੰਚਾਰ ਦੇ ਪਵਿੱਤਰ ਸਮਾਰੋਹ ਰਾਹੀਂ ਆਪਣੀ ਅਧਿਆਤਮਿਕ ਯਾਤਰਾ ਸ਼ੁਰੂ ਕਰਨ ਦਾ ਮੌਕਾ ਮਿਲੇਗਾ, ਜਿਸ ਨਾਲ ਗੁਰਦੁਆਰਾ ਸਿੱਖ ਟੈਂਪਲ ਨੂੰ ਵਿਸ਼ਵਾਸ, ਸੇਵਾ ਅਤੇ ਭਾਈਚਾਰੇ ਦੇ ਇੱਕ ਮਹੱਤਵਪੂਰਨ ਕੇਂਦਰ ਵਜੋਂ ਸਥਾਪਿਤ ਕੀਤਾ ਜਾਵੇਗਾ। "ਪੱਛਮੀ ਸੈਕਰਾਮੈਂਟੋ ਹਮੇਸ਼ਾ ਸਾਡੇ ਭਾਈਚਾਰੇ ਨੂੰ ਬਣਾਉਣ ਵਾਲੀਆਂ ਸੱਭਿਆਚਾਰਾਂ, ਵਿਸ਼ਵਾਸਾਂ ਅਤੇ ਪਰੰਪਰਾਵਾਂ ਦੁਆਰਾ ਮਜ਼ਬੂਤ ਰਿਹਾ ਹੈ। ਇਹ ਰਸਮੀ ਚਿੰਨ੍ਹ ਇੱਕ ਸੜਕ ਮਾਰਗ ਤੋਂ ਵੱਧ ਹੈ। ਇਹ ਸਤਿਕਾਰ, ਆਪਣਾਪਣ ਅਤੇ ਸਾਡੀ ਸਾਂਝੀ ਵਚਨਬੱਧਤਾ ਦਾ ਪ੍ਰਤੀਕ ਹੈ ਕਿ ਹਰੇਕ ਭਾਈਚਾਰਾ ਆਪਣੇ ਆਪ ਨੂੰ ਸਾਡੇ ਸ਼ਹਿਰ ਵਿੱਚ ਪ੍ਰਤੀਬਿੰਬਤ ਦੇਖਦਾ ਹੈ। ਜਿਵੇਂ ਕਿ ਅਸੀਂ ਗੁਰਦੁਆਰੇ ਦੀ 43 ਸਾਲਾਂ ਦੀ ਸੇਵਾ ਦਾ ਜਸ਼ਨ ਮਨਾਉਂਦੇ ਹਾਂ, ਅਸੀਂ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਦਾ ਵੀ ਜਸ਼ਨ ਮਨਾਉਂਦੇ ਹਾਂ ਜੋ ਪੂਰੇ ਖੇਤਰ ਦੇ ਲੋਕਾਂ ਦਾ ਪੱਛਮੀ ਸੈਕਰਾਮੈਂਟੋ ਵਿੱਚ ਆਪਣੀ ਅਧਿਆਤਮਿਕ ਯਾਤਰਾ ਸ਼ੁਰੂ ਕਰਨ ਲਈ ਸਵਾਗਤ ਕਰੇਗਾ। ਸਾਨੂੰ ਆਪਣੇ ਸਿੱਖ ਭਾਈਚਾਰੇ ਦੇ ਨਾਲ ਖੜ੍ਹੇ ਹੋਣ ਦਾ ਮਾਣ ਹੈ ਕਿਉਂਕਿ ਇਹ ਪਵਿੱਤਰ ਪਰੰਪਰਾ ਸਾਡੇ ਸ਼ਹਿਰ ਦੇ ਇਤਿਹਾਸ ਦਾ ਹਿੱਸਾ ਬਣ ਜਾਂਦੀ ਹੈ।" ਪ੍ਰਧਾਨ ਸਰਦਾਰ ਨਰਿੰਦਰ ਸਿੰਘ ਥਾਂਦੀ ਨੇ ਕਿਹਾ ਕਿ ਐਤਵਾਰ ਦਾ ਜਸ਼ਨ ਇੱਕ ਅਧਿਆਤਮਿਕ ਅਤੇ ਭਾਈਚਾਰਕ ਮੀਲ ਪੱਥਰ ਦੋਵਾਂ ਨੂੰ ਦਰਸਾਉਂਦਾ ਹੈ।

"43 ਸਾਲਾਂ ਤੋਂ, ਗੁਰਦੁਆਰਾ ਸਿੱਖ ਟੈਂਪਲ ਵੈਸਟ ਸੈਕਰਾਮੈਂਟੋ ਸਾਡੇ ਪੂਰੇ ਖੇਤਰ ਵਿੱਚ ਪਰਿਵਾਰਾਂ ਲਈ ਪ੍ਰਾਰਥਨਾ, ਸੇਵਾ ਅਤੇ ਏਕਤਾ ਦੇ ਸਥਾਨ ਵਜੋਂ ਸੇਵਾ ਨਿਭਾ ਰਿਹਾ ਹੈ। ਅੰਮ੍ਰਿਤਸਰ ਦੇ ਸ੍ਰੀ ਦਰਬਾਰ ਸਾਹਿਬ ਤੋਂ ਪਵਿੱਤਰ ਅੰਮ੍ਰਿਤ ਦਾ ਆਗਮਨ ਇੱਕ ਵੱਡਾ ਆਸ਼ੀਰਵਾਦ ਹੈ ਜੋ ਸਿੱਖਾਂ ਦੀਆਂ ਪੀੜ੍ਹੀਆਂ ਨੂੰ ਵੈਸਟ ਸੈਕਰਾਮੈਂਟੋ ਵਿੱਚ ਅੰਮ੍ਰਿਤ ਸੰਚਾਰ ਪ੍ਰਾਪਤ ਕਰਨ ਦੀ ਆਗਿਆ ਦੇਵੇਗਾ। ਅਸੀਂ ਮੇਅਰ ਮਾਰਥਾ ਗੁਰੇਰੋ ਦੇ ਅਟੁੱਟ ਸਮਰਥਨ ਅਤੇ ਇਸ ਰਸਮੀ ਪੰਜਾਬੀ ਚਿੰਨ੍ਹ ਰਾਹੀਂ ਸਾਡੇ ਭਾਈਚਾਰੇ ਨੂੰ ਸ਼ਹਿਰ ਦੀ ਮਾਨਤਾ ਲਈ ਤਹਿ ਦਿਲੋਂ ਧੰਨਵਾਦੀ ਹਾਂ। ਇਕੱਠੇ ਮਿਲ ਕੇ, ਅਸੀਂ ਸਾਰਿਆਂ ਦਾ ਸਵਾਗਤ ਕਰਦੇ ਹਾਂ ਕਿ ਅਸੀਂ ਵੈਸਟ ਸੈਕਰਾਮੈਂਟੋ ਵਿੱਚ ਵਿਸ਼ਵਾਸ, ਏਕਤਾ ਅਤੇ ਸੇਵਾ ਦੇ ਇਸ ਇਤਿਹਾਸਕ ਨਵੇਂ ਅਧਿਆਏ ਦੀ ਸ਼ੁਰੂਆਤ ਕਰਦੇ ਹੋਏ ਸਾਡੇ ਨਾਲ ਸ਼ਾਮਲ ਹੋਵੋ।" ਸਾਰੇ ਪਿਛੋਕੜਾਂ ਦੇ ਭਾਈਚਾਰੇ ਦੇ ਮੈਂਬਰਾਂ ਨੂੰ ਇਸ




ਇਤਿਹਾਸਕ ਜਸ਼ਨ ਵਿੱਚ ਸ਼ਾਮਲ ਹੋਣ, ਰਸਮੀ ਪੰਜਾਬੀ-ਅੰਗਰੇਜ਼ੀ ਦਿਸ਼ਾ-ਨਿਰਦੇਸ਼ ਚਿੰਨ੍ਹ ਦੇ ਉਦਘਾਟਨ ਨੂੰ ਦੇਖਣ, ਅਤੇ ਇੱਕ ਮੀਲ ਪੱਥਰ ਦੀ ਯਾਦ ਵਿੱਚ ਸ਼ਾਮਲ ਹੋਣ ਲਈ ਨਿੱਘਾ ਸੱਦਾ ਦਿੱਤਾ ਜਾਂਦਾ ਹੈ ਜੋ ਸਿੱਖ ਭਾਈਚਾਰੇ ਦੀ ਅਮੀਰ ਵਿਰਾਸਤ ਅਤੇ ਵੈਸਟ ਸੈਕਰਾਮੈਂਟੋ ਦੀ ਵਿਭਿੰਨਤਾ, ਸਮਾਵੇਸ਼ ਅਤੇ ਸੱਭਿਆਚਾਰਕ ਸਮਝ ਪ੍ਰਤੀ ਵਚਨਬੱਧਤਾ ਦੋਵਾਂ ਨੂੰ ਦਰਸਾਉਂਦਾ ਹੈ।


WHOLE HOME SOLAR & BATTERY
STARTING AT $25,000
For a standard 5kW Solar & 14kWh Battery system
Roof or main panel upgrades not included
Clear & Up-Front Pricing
High-Efficiency Components
Permits and Utility Approvals Included
Protect Existing NEM 2.0
(Via Non-Export Configuration)
CALL HARRY FOR A QUOTE | (925) 537-2732
Harkaran Singh (HIS Registration #167489 SP) AUTHORIZED REPRESENTATIVE FOR TSP SOLAR SALES AND SERVICES (DBA TSP ROOFING AND SOLAR)
CSLB Contractor License #1096233 • C-10 Electrical, C-39 Roofing, B-General Building
Pricing & offer details vary by location & applicant.


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

Gillson TRUCKING INC

NOW HIRING
TRUCK DRIVERS
CLASS A CDL



- ✓ Signing Bonus
- ✓ Top pay
- ✓ Mileage Pay
- ✓ Great Benefits
- ✓ Over the Road or Local Routes
- ✓ Reefers and Dry Van Operations
- ✓ No touch freight



SKILLS
- ✓ Responsible truck driver.
- ✓ Experience with electronic equipment.
- ✓ Ability to travel regularly.
- ✓ Adaptivity and foresight to handle unexpected situations (traffic, weather conditions and roads, etc.)

RESPONSIBILITIES
- ✓ Safely operating assigned vehicles.
- ✓ The Vehicles are maintained and serviced as needed.
- ✓ Report any vehicle defects for repair.
- ✓ Make safety a priority at all times.
- ✓ Comply with standard federal laws and with company policies and procedures.

PAY
- ✓ Average pay: $0.45-$0.60 cents/mile
- ✓ Weekly direct deposits
- ✓ Bonuses for clean inspections
- ✓ High mileage bonuses

NEWER EQUIPMENT
FREIGHTLINER AND VOLVO 2020 AND PRESENT
RESET PAY AWAY FROM TERMINALS– STOCKTON,. CA AND DAYTON, OHIO

Flexible Home Time | Pet Friendly | Rider Policy

SCAN QR CODE FOR
APPLY NOW

HEALTH BENEFITS: Health | Dental | Vision

1801 E Dr. Martin Luther King Jr. Blvd.
Stockton, CA 95205

925-400-9094 ext. 116, ext. 130 and ext. 144

info@teamgillson.com



GET IN TOUCH gillsontrucking company/gillsontrucking www.teamgillson.com

# ਓਵਰਸੀਜ਼ ਕਾਂਗਰਸ ਵੱਲੋਂ ਲੋਕਤੰਤਰੀ ਸਿਧਾਂਤਾਂ ਦੀ ਰੱਖਿਆ ਕਰਨ ਦਾ ਸੱਦਾ

**ਸੈਕਰਾਮੈਂਟੋ**
**ਹੁਸਨ ਲੜੋਆ ਬੰਗਾ**

ਇੰਡੀਅਨ ਓਵਰਸੀਜ਼ ਕਾਂਗਰਸ ਅਮਰੀਕਾ ਨੇ ਕਾਂਗਰਸ ਅਤੇ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੂੰ ਹਿਰਾਸਤ 'ਚ ਲੈਣ ਦੀ ਸੁਤੰਤਰ ਜਾਂਚ ਦੀ ਮੰਗ ਕਰਦਿਆਂ ਕਿਹਾ ਹੈ ਕਿ ਨਵੀਂ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨ ਦੇ ਆਲੇ ਦੁਆਲੇ ਦੀਆਂ ਘਟਨਾਵਾਂ ਸੰਵਿਧਾਨਕ ਅਧਿਕਾਰਾਂ ਅਤੇ ਲੋਕਤੰਤਰੀ ਨਿਯਮਾਂ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਜਾਰੀ ਇੱਕ ਬਿਆਨ ਵਿੱਚ, ਸੰਗਠਨ ਨੇ ਭਾਰਤ ਸਰਕਾਰ ਨੂੰ ਇਸ ਘਟਨਾ ਦੀ ਜਾਂਚ ਕਰਨ, ਸੰਵਿਧਾਨ ਅਧੀਨ ਗਾਰੰਟੀਸ਼ੁਦਾ ਅਧਿਕਾਰਾਂ ਨੂੰ ਬਰਕਰਾਰ ਰੱਖਣ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਪ੍ਰਤੀ ਆਪਣੀ ਵਚਨਬੱਧਤਾ ਦੀ ਪੁਸ਼ਟੀ ਕਰਨ ਦੀ ਅਪੀਲ ਕੀਤੀ ਹੈ। ਇਸ ਦੇ ਨਾਲ ਹੀ ਓਵਰਸੀਜ਼ ਕਾਂਗਰਸ ਨੇ ਰਾਹੁਲ ਗਾਂਧੀ, ਪ੍ਰਿਯੰਕਾ ਗਾਂਧੀ ਵਾਡਰਾ ਅਤੇ ਹੋਰ ਕਾਂਗਰਸੀ ਨੇਤਾਵਾਂ ਨਾਲ ਇਕਜੁੱਟਤਾ ਪ੍ਰਗਟ ਕੀਤੀ ਹੈ। ਓਵਰਸੀਜ਼ ਕਾਂਗਰਸ ਦੇ ਉਪ-ਚੇਅਰਪਰਸਨ ਜਾਰਜ ਅਬ੍ਰਾਹਮ ਦੁਆਰਾ ਜਾਰੀ ਇਸ ਬਿਆਨ ਵਿਚ ਕਿਹਾ ਹੈ ਕਿ ਪ੍ਰਦਰਸ਼ਨ ਦੀਆਂ ਰਿਪੋਰਟਾਂ ਅਤੇ ਵੀਡੀਓਜ਼ ਨੇ ਚੁਣੇ ਹੋਏ ਪ੍ਰਤੀਨਿਧੀਆਂ ਵਿਰੁੱਧ ਤਾਕਤ ਦੀ ਵਰਤੋਂ ਬਾਰੇ ਚਿੰਤਾਵਾਂ ਪੈਦਾ ਕੀਤੀਆਂ ਹਨ ਜਦ ਕਿ ਇਹ ਇਕ ਸ਼ਾਂਤੀਪੂਰਨ ਵਿਰੋਧ ਪ੍ਰਦਰਸ਼ਨ ਸੀ। ਓਵਰਸੀਜ਼ ਕਾਂਗਰਸ ਅਨੁਸਾਰ, ਸ਼ਾਂਤੀਪੂਰਨ ਇਕੱਠ, ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦਾ ਅਧਿਕਾਰ ਇੱਕ ਲੋਕਤੰਤਰੀ ਸਮਾਜ ਦੀ ਨੀਂਹ ਹੈ। ਸੰਗਠਨ ਨੇ ਕਿਹਾ ਕਿ ਰਾਜਨੀਤਿਕ ਮਤਭੇਦਾਂ ਨੂੰ ਜ਼ਬਰਦਸਤੀ ਉਪਾਵਾਂ ਦੀ ਬਜਾਏ ਗੱਲਬਾਤ ਰਾਹੀਂ ਹੱਲ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਵਿਰੋਧੀ ਆਵਾਜ਼ਾਂ ਨੂੰ ਦਬਾਉਣ ਨਾਲ ਲੋਕਤੰਤਰੀ ਸੰਸਥਾਵਾਂ ਕਮਜ਼ੋਰ ਹੁੰਦੀਆਂ ਹਨ ਅਤੇ ਇੱਕ ਸੰਵਿਧਾਨਕ ਲੋਕਤੰਤਰ ਵਜੋਂ ਭਾਰਤ ਦੇ ਅਕਸ ਨੂੰ ਨੁਕਸਾਨ ਪਹੁੰਚ ਸਕਦਾ ਹੈ। ਅਬ੍ਰਾਹਮ ਨੇ ਕਿਹਾ ਹੈ ਕਿ ਲੋਕਤੰਤਰ ਦੀ ਅਸਲ ਪ੍ਰੀਖਿਆ ਇਹ ਨਹੀਂ ਹੈ ਕਿ ਇਹ ਸੱਤਾ ਵਿੱਚ ਬੈਠੇ ਲੋਕਾਂ ਨਾਲ ਕਿਵੇਂ ਪੇਸ਼ ਆਉਂਦਾ ਹੈ, ਸਗੋਂ ਇਹ ਉਨਾਂ ਨਾਲ ਕਿਵੇਂ ਪੇਸ਼ ਆਉਂਦਾ ਹੈ ਜੋ ਸੱਤਾ 'ਤੇ ਸਵਾਲ ਉਠਾਉਂਦੇ ਹਨ।

# ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਲੱਦਾਖ ਪਹੁੰਚ ਸ਼ਹੀਦਾਂ ਨੂੰ ਸ਼ਰਧਾਂਜਲੀ ਕੀਤੀ ਭੇਟ

**ਲੱਦਾਖ**
**ਸਾਂਝੀ ਸੋਚ ਬਿਊਰੋ**



ਕਾਰਗਿਲ ਵਿਜੇ ਦਿਵਸ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਲੱਦਾਖ ਦੇ ਦਰਾਸ ਪਹੁੰਚੇ। ਇਸ ਮੌਕੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਫੌਜ ਦੇ ਜਵਾਨਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ, "ਸੈਨਿਕਾਂ ਦੀ ਅੰਦਰੂਨੀ ਤਾਕਤ, ਅਜਿੱਤ ਹਿੰਮਤ ਅਤੇ ਅਡੋਲ ਇਰਾਦਾ ਭਾਰਤ ਦੀ ਸੁਰੱਖਿਆ ਦੀ ਸਭ ਤੋਂ ਵੱਡੀ ਤਾਕਤ ਹੈ, ਜੋ ਦੇਸ਼ ਵਾਸੀਆਂ ਨੂੰ ਨਿਡਰਤਾ ਨਾਲ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਯੋਗ ਬਣਾਉਂਦੀ ਹੈ। ਇਹ ਅੰਦਰੂਨੀ ਤਾਕਤ ਤੁਹਾਨੂੰ ਹਰ ਸਥਿਤੀ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਮੈਨੂੰ ਵਿਸ਼ਵਾਸ ਹੈ ਕਿ ਜਿੰਨਾ ਚਿਰ ਇਹ ਅਦਿੱਖ ਸ਼ਕਤੀ ਸਾਡੇ ਸੈਨਿਕਾਂ ਦੇ ਅੰਦਰ ਜ਼ਿੰਦਾ ਰਹੇਗੀ, ਦੁਨੀਆ ਦੀ ਕੋਈ ਵੀ ਤਾਕਤ ਭਾਰਤ 'ਤੇ ਬੁਰੀ ਨਜ਼ਰ ਪਾਉਣ ਦੀ ਹਿੰਮਤ ਨਹੀਂ ਕਰੇਗੀ।

ਇਹ ਤੁਹਾਡੀ ਅਜਿੱਤ ਹਿੰਮਤ ਅਤੇ ਅਡੋਲ ਇਰਾਦੇ ਕਾਰਨ ਹੈ ਕਿ ਦੇਸ਼ ਦਾ ਹਰ ਨਾਗਰਿਕ ਬਿਨਾਂ ਕਿਸੇ ਡਰ ਦੇ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਦੇ ਯੋਗ ਹੈ।"ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ ਜਿੱਥੇ ਭਾਰਤ ਨਵੀਨਤਾ ਦੇ ਰਾਹ ਲੱਭ ਰਿਹਾ ਹੈ, ਉੱਥੇ ਪਾਕਿਸਤਾਨ ਘੁਸਪੈਠ ਦੀ ਤਲਾਸ਼ ਕਰ ਰਿਹਾ ਹੈ। ਜਿੱਥੇ ਭਾਰਤ ਜਹਾਜ਼ ਡਿਜ਼ਾਈਨ ਕਰ ਰਿਹਾ ਹੈ, ਉੱਥੇ ਪਾਕਿਸਤਾਨ ਅੱਤਵਾਦੀ ਡਿਜ਼ਾਈਨ ਵਿੱਚ ਰੁੱਝਿਆ ਹੋਇਆ ਹੈ।

ਜਿੱਥੇ ਭਾਰਤ ਇੱਕ ਸਟਾਰਟਅੱਪ ਈਕੋਸਿਸਟਮ ਬਣਾ ਰਿਹਾ ਹੈ, ਉੱਥੇ ਪਾਕਿਸਤਾਨ ਇੱਕ ਅੱਤਵਾਦੀ ਈਕੋਸਿਸਟਮ ਬਣਾ ਰਿਹਾ ਹੈ। ਜਿੱਥੇ ਭਾਰਤ ਸੈਮੀਕੰਡਕਟਰ ਵਿਕਸਤ ਕਰ ਰਿਹਾ ਹੈ, ਉੱਥੇ ਪਾਕਿਸਤਾਨ ਆਤਮਘਾਤੀ ਬੰਬਾਰ ਵਿਕਸਤ ਕਰ ਰਿਹਾ ਹੈ। ਇਹ ਸਪੱਸ਼ਟ ਹੈ ਕਿ ਸਾਡੇ ਰਸਤੇ ਵੱਖਰੇ ਹਨ। ਅਜਿਹੀ ਸਥਿਤੀ ਵਿੱਚ, ਜੇਕਰ ਪਾਕਿਸਤਾਨ, ਆਪਣੇ ਨਾਪਾਕ ਡਿਜ਼ਾਈਨਾਂ ਨਾਲ, ਸਾਡੀ ਖੁਸ਼ਹਾਲੀ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਕਰਦਾ ਹੈ, ਤਾਂ ਸਾਡੀਆਂ ਹਥਿਆਰਬੰਦ ਫੌਜਾਂ ਉਸਨੂੰ ਢੁਕਵਾਂ ਜਵਾਬ ਦੇਣ ਲਈ ਤਿਆਰ ਹਨ।

# ਈਰਾਨ ਦੇ ਹਮਲੇ ਵਿਚ ਭਾਰਤੀ ਮੂਲ ਦੀ ਮਹਿਲਾ ਸੈਨਿਕ ਦੀ ਮੌਤ

**ਤਹਿਰਾਨ**
**ਸਾਂਝੀ ਸੋਚ ਬਿਊਰੋ**




ਪੈਂਟਾਗਨ ਨੇ ਜਾਰਡਨ ਵਿੱਚ ਇੱਕ ਫੌਜੀ ਅੱਡੇ 'ਤੇ ਈਰਾਨੀ ਹਮਲੇ ਦੌਰਾਨ ਭਾਰਤੀ ਮੂਲ ਦੇ ਮਹਿਲਾ ਸੈਨਿਕ ਦੇ ਮਾਰੇ ਜਾਣ ਦਾ ਖਦਸ਼ਾ ਪ੍ਰਗਟਾਇਆ ਹੈ। ਰੱਖਿਆ ਵਿਭਾਗ ਅਨੁਸਾਰ ਮੰਨਿਆ ਜਾਂਦਾ ਹੈ ਕਿ 25 ਸਾਲਾ ਫੌਜੀ ਸਾਰਜੈਂਟ ਐਂਜੇਲਾ ਰਾਮਪਰਸਾਦ 17 ਜੁਲਾਈ, 2026 ਨੂੰ ਮੁਵਫੱਕ ਸਾਲਟੀ ਏਅਰ ਬੇਸ, ਜਾਰਡਨ 'ਤੇ ਦੁਸ਼ਮਣ ਦੇ ਹਮਲੇ ਦੌਰਾਨ ਮਾਰਿਆ ਗਿਆ ਹੈ। ਰਖਿਆ ਵਿਭਾਗ ਅਨੁਸਾਰ ਰਾਮਪਰਸਾਦ, ਜਿਸ ਨੂੰ ਪਹਿਲਾਂ ਲਾਪਤਾ ਸਮਝਿਆ ਗਿਆ ਸੀ, ਹੁਣ ਉਸ ਦੇ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਰਾਮਪਰਸਾਦ ਗੁਆਨਾ ਤੋਂ ਆਏ ਭਾਰਤੀ ਪ੍ਰਵਾਸੀ ਭਾਈਚਾਰੇ ਨਾਲ ਸਬੰਧਤ ਹੈ। ਹੁਣ ਤੱਕ ਈਰਾਨ ਨਾਲ ਜੰਗ ਵਿਚ 18 ਅਮਰੀਕੀ ਫੌਜੀ ਮਾਰੇ ਜਾ ਚੁੱਕੇ ਹਨ।

# ਕੈਨੇਡਾ 'ਚ ਪੰਜਾਬਣ ਮੁਟਿਆਰ ਦਾ ਗੋਲੀ ਮਾਰ ਕੇ ਕਤਲ

**ਟੋਰਾਂਟੋ**
**ਸਾਂਝੀ ਸੋਚ ਬਿਊਰੋ**

ਕੈਨੇਡਾ ਦੇ ਟੋਰਾਂਟੋ ਵਿੱਚ ਇੱਕ ਪੰਜਾਬਣ ਮੁਟਿਆਰ ਦਾ ਗੋਲੀ ਮਾਰ ਕੇ ਕਤਲ ਕਰ ਦੇਣ ਦੀ ਖ਼ਬਰ ਸਾਹਮਣੇ ਆਈ ਹੈ। ਮ੍ਰਿਤਕਾ ਦੀ ਪਛਾਣ ਨਵਨੀਤ ਕੌਰ (26) ਵੱਜੋਂ ਹੋਈ ਹੈ। ਇਹ ਕਤਲ ਦੀ ਵਾਰਦਾਤ 24 ਜੁਲਾਈ ਨੂੰ ਵਾਪਰੀ ਦੱਸੀ ਜਾ ਰਹੀ ਹੈ। ਕੈਨੇਡਾ ਦੀ ਪੁਲਿਸ ਨੇ ਇਸ ਕਤਲ ਮਾਮਲੇ 'ਚ ਇਕ 37 ਸਾਲਾ ਨੌਜਵਾਨ ਸ਼ਰਨਜੀਤ ਸਿੰਘ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਇਸ ਕਤਲ ਮਾਮਲੇ 'ਚ ਪੁਲਿਸ ਨੇ ਮੁਲਜ਼ਮ 'ਤੇ ਫਸਟ ਡਿਗਰੀ ਕਤਲ ਅਤੇ ਅਦਾਲਤੀ ਸ਼ਰਤਾਂ ਦੀ ਉਲੰਘਣਾ ਦੇ ਦੋਸ਼ ਲਾਏ ਹਨ। ਕਤਲ ਤੋਂ ਬਾਅਦ ਮੁਲਜ਼ਮ ਨੇ ਉੱਥੋਂ ਭੱਜਣ ਦੀ ਵੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਿਸ ਅਨੁਸਾਰ ਮ੍ਰਿਤਕ ਨਵਨੀਤ ਅਤੇ ਮੁਲਜ਼ਮ ਵਿਚਕਾਰ ਕਤਲ ਤੋਂ ਪਹਿਲਾਂ ਗੱਲਬਾਤ ਹੋਈ, ਉਸ ਤੋਂ ਬਾਅਦ ਮੁਲਜ਼ਮ ਨੇ ਵਾਰਦਾਤ ਨੂੰ ਅੰਜਾਮ ਦਿੱਤਾ।

ਪੁਲਿਸ ਇਸ ਸਮੇਂ ਕਤਲ ਦੇ ਪਿੱਛੇ ਦੇ ਉਦੇਸ਼ ਦੀ ਜਾਂਚ ਕਰ ਰਹੀ ਹੈ। ਅਧਿਕਾਰੀਆਂ ਨੇ ਜਨਤਾ ਨੂੰ ਇਸ ਘਟਨਾ ਸੰਬੰਧੀ ਕੋਈ ਵੀ ਜਾਣਕਾਰੀ ਹੋਣ 'ਤੇ ਪੁਲਿਸ ਜਾਂ ਕ੍ਰਾਈਮ ਸਟੌਪਰਸ ਨਾਲ ਸੰਪਰਕ ਕਰਨ ਦੀ ਅਪੀਲ ਕੀਤੀ ਹੈ।

Space available for Ad
Contact # +1 (209) 303-1260
Contact # +91 81463-20009




CIS
CALIFORNIA
IMMIGRATION SERVICES
YOUR REGISTERED & BONDED “IMMIGRATION-CONSULTANTS”
FAMILY PETITION
CITIZENSHIP
GREEN CARD PETITION
BUSINESS/VISITOR VISA
STUDENT VISA
CANADA VISA & P.R VARIOUS IMMIGRATION SERVICES
LIVE SCAN SERVICE
FEE $25.00
ROLLING FEE PER LIVE SCAN
NOTARY SERVICES
FEE $10.00
(408)422-8585
(510)573-3666
Fremont Office: 4127 Bay Street, Suite5
Manteca Office: 123 Sycamore Ave, Suite 201-E
www.caials.com
rosy@caials.com

# JK TYRE INC

JK TYRE
TOTAL CONTROL

**KTD10-LEAO**
Radial Truck Tire (Long Haul)



295/75R22.5
$2600

With Installation
Singh: 510-766-9382

**JK JETSTEEL JDH**

SPECIAL OFFER !!



DRIVE TIRE
11R22.5-

With Installation
Singh: 510-766-9382

**Firestone FS591**

SPECIAL OFFER !!

STEER TIRE
295/75R22.5

With Installation
Singh: 510-766-9382



11R22.5

With Installation
Singh: 510-766-9382

**Sizes available in drive & trailer**
295/75/22.5
11r/22.5
11r/24.5
255/70/22.5
315/80/22.5
425/65/22.5

**JETWAY JTH 1**

SPECIAL OFFER !!



TRAILER TIRE
11R22.5-
11R24.5-

With Installation
Singh: 510-766-9382

**JETWAY JTH SD**

SPECIAL OFFER !!



TRAILER TIRE
295/75R22.5-

With Installation
Singh: 510-766-9382

**JK JETSTEEL JDL2**

SPECIAL OFFER !!



DRIVE TIRE
11R22.5-
11R24.5-
295/75R22.5-

With Installation
Singh: 510-766-9382



FALKEN TIRES | GOODYEAR | KELLY TIRES | BARKLEY Feel the difference | PIRELLI
MICHELIN A better way forward | BRIDGESTONE | Firestone | YOKOHAMA
PEARLY | NAMA | TOYO TIRES driven to perform | Continental | DUNLOP TIRES

## S. Singh Cell: (510) 766-9382

2955 N. Wilson Way Stockton , CA 95205


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy, 400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521

# ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਕਪੂਰਥਲਾ ਇਕਾਈ ਦੀ ਹੋਈ ਚੋਣ

## * ਪ੍ਰੀਤ ਸੰਗੋਜਲਾ ਬਣੇ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ

## * ਜੰਤਰ ਮੰਤਰ 'ਚ ਨੌਜਵਾਨਾਂ 'ਤੇ ਲਾਠੀਚਾਰਜ ਦੀ ਕੀਤੀ ਨਿਖੇਧੀ

ਕਪੂਰਥਲਾ
ਸਾਂਝੀ ਸੋਚ ਬਿਊਰੋ

ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕਪੂਰਥਲਾ ਦੀ ਅੱਜ ਪਲੇਠੀ ਮੀਟਿੰਗ ਕਪੂਰਥਲਾ ਵਿਖੇ ਅਹੂਜਾ ਰੈਸਟੋਰੈਂਟ ਵਿੱਚ ਰੱਖੀ ਗਈ ਜਿਸ ਵਿੱਚ ਭਾਰੀ ਗਿਣਤੀ ਵਿੱਚ ਪੱਤਰਕਾਰ ਸਾਥੀਆਂ ਨੇ ਸ਼ਮੂਲੀਅਤ ਕੀਤੀ। ਅੱਜ ਦੀ ਪਲੇਠੀ ਮੀਟਿੰਗ ਕਪੂਰਥਲਾ ਇਕਾਈ ਦੀ ਚੋਣ ਵਾਸਤੇ ਕੀਤੀ ਗਈ ਜਿਸ ਵਿੱਚ ਕਪੂਰਥਲੇ ਦੇ ਸਾਰੇ ਪੱਤਰਕਾਰਾਂ ਨੇ ਵੱਧ ਚੜ ਕੇ ਹਿੱਸਾ ਲਿਆ।

ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ (ਰਜਿ.) ਵੱਲੋਂ ਜਾਇੰਟ ਸੈਕਟਰੀ ਪੰਜਾਬ ਦਵਿੰਦਰ ਸਿੰਘ ਭੰਗੂ, ਜ਼ਿਲ੍ਹਾ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਅਤੇ ਪੰਜਾਬ ਕਾਰਜਕਾਰਨੀ ਮੈਂਬਰ ਡਾਕਟਰ ਰਜਿੰਦਰ ਰਿਖੀ, ਅੰਮ੍ਰਿਤਸਰ ਦਿਹਾਤੀ ਦੇ ਸਕੱਤਰ ਜਨਰਲ ਅਤੇ ਪੰਜਾਬ ਕਾਰਜਕਾਰਨੀ ਮੈਂਬਰ ਬਲਰਾਜ ਸਿੰਘ ਰਾਜਾ, ਜ਼ਿਲ੍ਹਾ ਜਲੰਧਰ ਇਕਾਈ ਦੇ ਕਨਵੀਨਰ ਮੈਡਮ ਤਜਿੰਦਰ ਕੌਰ ਥਿੰਦ ਅਤੇ ਸੁਲਤਾਨਪੁਰ ਤੋਂ ਸੀਨੀਅਰ ਪੱਤਰਕਾਰ ਨਰਿੰਦਰ ਸੋਨੀਆ ਮੁੱਖ ਤੌਰ 'ਤੇ ਪਹੁੰਚੇ। ਇਸ ਮੌਕੇ ਸਾਰੇ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਸਾਂਝੇ ਕੀਤੇ। ਜਿਨਾਂ ਦੇ ਵਿੱਚ ਸਟੇਜ ਦੀ ਜਿੰਮੇਵਾਰੀ ਐਡਵੋਕੇਟ ਹਰਜੀਤ ਸਿੰਘ ਮੈਂਬਰ ਪੰਜਾਬ ਵਰਕਿੰਗ ਕਮੇਟੀ ਨੇ ਸੰਭਾਲੀ ਅਤੇ ਕਾਰਵਾਈ ਨੂੰ ਅੱਗੇ ਚਲਾਉਂਦਿਆਂ ਹੋਇਆਂ ਵਾਰੀ ਵਾਰੀ ਸਾਰੇ ਪੱਤਰਕਾਰਾਂ ਆਪਣੇ ਵਿਚਾਰ ਪੇਸ਼ ਕੀਤੇ। ਅੱਜ ਕਪੂਰਥਲਾ ਇਕਾਈ ਦੀ ਚੋਣ ਵਿੱਚ ਪ੍ਰੀਤ ਸੰਗੋਜਲਾ ਨੂੰ ਸਰਬ ਸੰਮਤੀ ਨਾਲ ਜ਼ਿਲਾ ਪ੍ਰਧਾਨ ਚੁਣਿਆ ਗਿਆ। ਇਸੇ ਲੜੀ ਤਹਿਤ ਸੁਖਵਿੰਦਰ ਸੋਹੀ ਉਪ ਪ੍ਰਧਾਨ, ਅਵਿਨਾਸ਼ ਸ਼ਰਮਾ ਅਤੇ ਨਰਿੰਦਰ ਸੋਨੀਆ ਨੂੰ ਸਰਪ੍ਰਸਤ, ਬਰਿੰਦਰ ਚਾਨਾ ਨੂੰ ਜਨਰਲ ਸੈਕਟਰੀ, ਜੋਗਿੰਦਰ ਸਿੰਘ ਜਾਤੀਕੇ ਨੂੰ ਚੇਅਰਮੈਨ, ਬਲਜੀਤ ਸਿੰਘ ਨੂੰ ਉਪ ਚੇਅਰਮੈਨ, ਹਰਪ੍ਰੀਤ ਸਿੰਘ ਮੱਟੂ ਨੂੰ ਪ੍ਰੈੱਸ ਸੈਕਟਰੀ, ਡਾਕਟਰ ਅਰੁਣ ਕੁਮਾਰ ਖਜਾਨਚੀ, ਚਰਨਜੀਤ ਢਿੱਲੋ ਜੋਇੰਟ ਸੈਕਟਰੀ, ਐਡਵੋਕੇਟ ਪਵਨ ਕਾਲੀਆ ਅਤੇ ਐਡਵੋਕੇਟ ਹਰਜੀਤ ਸਿੰਘ ਨੂੰ ਲੀਗਲ ਸੈਲ ਦੇ ਕਾਨੂੰਨੀ ਸਲਾਹਕਾਰ ਨਿਯੁਕਤ ਕੀਤਾ ਗਿਆ। ਇਸ ਮੌਕੇ ਪੰਜਾਬ ਕਾਰਜਕਾਰਨੀ ਦੇ ਜਾਇੰਟ ਸੈਕਟਰੀ ਦਵਿੰਦਰ ਸਿੰਘ ਭੰਗੂ ਨੇ ਜਿੱਥੇ ਪ੍ਰੈਸ ਦੀਆਂ ਪ੍ਰਾਪਤੀਆਂ ਅਤੇ ਹੋਰ ਸ਼ਖ਼ਸੀਅਤਾਂ ਬਾਰੇ ਚਾਨਣਾ ਪਾਇਆ, ਉੱਥੇ ਉਹਨਾਂ ਨੇ ਭਾਰਤ ਵਿੱਚ ਹੋ ਰਹੇ ਜੰਤਰ ਮੰਤਰ ਦੇ ਯੂਥ ਅੰਦੋਲਨ ਦੇ ਵਿੱਚ ਸਰਕਾਰ ਦੀ ਭੂਮਿਕਾ 'ਤੇ ਸਵਾਲ ਚੁੱਕਦਿਆਂ ਉਹਨਾਂ 'ਤੇ ਕੀਤੇ ਗਏ ਲਾਠੀਚਾਰਜ ਦੀ ਸਖਤ ਸ਼ਬਦਾਂ ਵਿੱਚ ਨਿਖੇਦੀ ਕੀਤੀ।

ਡਾਕਟਰ ਰਜਿੰਦਰ ਰਿਖੀ ਨੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀਆਂ ਪ੍ਰਾਪਤੀਆਂ ਬਾਰੇ ਵਿਚਾਰ ਸਾਂਝੇ ਕੀਤੇ। ਉਨਾਂ ਕਿਹਾ ਕਿ ਸਾਨੂੰ ਆਪਣੇ ਹੱਕਾਂ ਦੀ ਖਾਤਰ ਇੱਕ ਪਲੇਟਫਾਰਮ 'ਤੇ ਇਕੱਠੇ ਹੋਣਾ ਚਾਹੀਦਾ ਹੈ। ਅਖੀਰ ਵਿੱਚ ਸਭ ਨੇ ਨਿਯੁਕਤੀਆਂ 'ਤੇ ਸਹਿਮਤੀ ਪ੍ਰਗਟਉਂਦਿਆਂ ਆਪਣਾ ਆਪਣਾ ਯੋਗਦਾਨ ਪਾਉਣ ਲਈ ਅਹਿਦ ਲਿਆ।
















Truck Parking Yard
ਟਰੱਕ PARK ਕਰਨ ਲਈ ਇੱਕ ਸੁਰੱਖਿਅਤ ਅਤੇ ਵਿਸ਼ਵਾਸਯੋਗ ਥਾਂ
• ਸਾਡੇ YARD ਨੂੰ LOCK ਵਾਲਾ GATE ਲੱਗਿਆ ਹੋਇਆ ਹੈ
• ਇੱਥੇ 24 ਘੰਟੇ ਸੁਰੱਖਿਆ GUARD ਦੀ ਡਿਊਟੀ ਰਹਿੰਦੀ ਹੈ
• ਸਾਰੇ ਇਲਾਕੇ ਦੀ ਨਿਗਰਾਨੀ ਕੈਮਰਿਆਂ ਰਾਹੀਂ ਹਰ ਵੇਲੇ ਕੀਤੀ ਜਾਂਦੀ ਹੈ
Truck Parking - Only $200 Monthly
Bobtail Parking - Only $100 Monthly
ਸਾਡੇ TRUCK YARD ਦੇ ਅੰਦਰ ਹੀ
ਟਰੱਕ Repair Shop ਅਤੇ TYRE SHOP ਵੀ
ਉਪਲਬਧ ਹੈ।
ਹੋਰ ਜਾਣਕਾਰੀ ਜਾਂ ਬੁਕਿੰਗ ਲਈ ਸੰਪਰਕ ਕਰੋ
Harbans Gill (209) 972-0013
1651 EAST Whitmore Ave, Ceres, CA 95307

GHUMAN LAW GROUP INC.

# Ghuman Law Group

## ਤੁਹਾਡੇ ਲਈ ਲੈ ਕੇ ਆਏ ਨੇ AMERICA ਵਿੱਚ BUSINESS ਕਰਨ ਦਾ ਸੁਨਿਹਰੀ ਮੌਕਾ !

ਜੇਕਰ ਤੁਸੀਂ Canada, England, Australia, New Zealand, Europe ਜਾਂ ਕਿਸੇ ਹੋਰ ਦੇਸ਼ ਦੇ ਨਾਗਰਿਕ ਹੋ

**ਆਓ E-2 Investor Visa ਰਾਹੀਂ**

ਸਿਰਫ $25,000 ਦੀ ਘੱਟੋ-ਘੱਟ Investment

ਜੇ ਹੋਰ ਵੱਧ invest ਕਰਨਾ ਚਾਹੋ, ਉਹ ਵੀ ਸੰਭਵ





**GHUMAN LAW GROUP**

**ਤੁਹਾਡੀ ਕੰਪਨੀ ਸੈੱਟ ਕਰਵਾਉਣ 'ਚ ਪੂਰੀ ਮਦਦ ਕਰੇਗਾ**



**ਇਮੀਗਰੇਸ਼ਨ ਸਬੰਧੀ ਸਾਰਾ Paperwork ਅਸੀਂ ਕਰਾਂਗੇ**

**ਪਰਿਵਾਰ ਸਮੇਤ 🇺🇸 ਆਉਣ ਦਾ ਵਧੀਆ ਮੌਕਾ**



- 2 ਸਾਲ ਦਾ Work Permit
- Spouse ਨੂੰ ਮਿਲੇਗਾ Open Work Permit
- ਬੱਚਿਆਂ ਲਈ ਸਕੂਲ ਜਾਣ ਦੀ ਇਜਾਜ਼ਤ
- ਹਰ 2 ਸਾਲ ਬਾਅਦ Work Permit Renew ਕਰਵਾ ਸਕਦੇ ਹੋ

**ਜਿੰਨਾ ਚਾਹੋ, ਅਮਰੀਕਾ ਵਿੱਚ ਰਹਿ ਕੇ ਆਪਣਾ ਬਿਜ਼ਨਸ ਚਲਾ ਸਕਦੇ ਹੋ**

MON - FRI, 9:00 AM - 3:00 PM

+1 (223) 300-0001 | www.ghumanlawgroup.org

2450 VENTURE OAKS WAY, STE 225 SACRAMENTO, CA


Pal Films Production
All Your Photo/Videography & Post Production needs Under One Roof
RED PRO 5.0
RED
PF
Music Video | Pre Shoots | Weddings | Birthdays
Graduations | Stage Shows Or Any Kind Of Events
Customize Photobooks (upto 6 feet)
Video Editing VFX/DI/CC & Much More....
(925) 489-3400, (341) 356-1517
palfilms925@gmail.com
www.thepalfilms.com

SANJHI SOCH
ਸੁਰਿੰਦਰਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ



# ਜੀਵਨ ਬਚਾਉਣ ਵਾਲਾ ਜਲ ਸੇਵਨ

ਅੱਜ ਦੇ ਸਮੇਂ ਵਿੱਚ ਦੁਨੀਆ ਦੇ ਬਹੁਤ ਸਾਰੇ ਖੇਤਰਾਂ, ਖ਼ਾਸ ਕਰਕੇ ਗਰਮ ਅਤੇ ਨਮੀ ਵਾਲੇ ਇਲਾਕਿਆਂ ਵਿੱਚ, ਗਰਮੀਆਂ ਦਾ ਤਾਪਮਾਨ ਲਗਾਤਾਰ ਵੱਧ ਰਿਹਾ ਹੈ। ਤਿੱਖੀ ਗਰਮੀ ਅਤੇ ਉੱਚ ਨਮੀ ਹੁਣ ਸਿਰਫ਼ ਮੌਸਮੀ ਤਬਦੀਲੀਆਂ ਨਹੀਂ ਰਹੀਆਂ, ਸਗੋਂ ਇਹ ਇੱਕ ਗੰਭੀਰ ਜਨ ਸਿਹਤ ਚੁਣੌਤੀ ਬਣ ਚੁੱਕੀਆਂ ਹਨ। ਹਰ ਸਾਲ ਹਜ਼ਾਰਾਂ ਲੋਕ ਸਰੀਰ ਵਿੱਚ ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ), ਗਰਮੀ ਕਾਰਨ ਥਕਾਵਟ (ਹੀਟ ਐਗਜ਼ੌਸ਼ਨ) ਅਤੇ ਹੀਟ ਸਟ੍ਰੋਕ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਲੋਕ ਸਮੇਂ ਸਿਰ ਪਾਣੀ ਪੀਣ ਦੀ ਮਹੱਤਤਾ ਨੂੰ ਅਕਸਰ ਨਜ਼ਰਅੰਦਾਜ਼ ਕਰ ਦਿੰਦੇ ਹਨ। ਅਸਲ ਵਿੱਚ, ਜਲ ਸੇਵਨ ਸਿਰਫ਼ ਪਿਆਸ ਬੁਝਾਉਣ ਦਾ ਸਾਧਨ ਨਹੀਂ, ਸਗੋਂ ਤਪਦੀ ਗਰਮੀ ਵਿੱਚ ਜੀਵਨ ਦੀ ਰੱਖਿਆ ਕਰਨ ਵਾਲਾ ਸਭ ਤੋਂ ਸਰਲ ਅਤੇ ਪ੍ਰਭਾਵਸ਼ਾਲੀ ਉਪਾਅ ਹੈ।

ਮਨੁੱਖੀ ਸਰੀਰ ਦਾ ਲਗਭਗ 60 ਫ਼ੀਸਦੀ ਹਿੱਸਾ ਪਾਣੀ ਨਾਲ ਬਣਿਆ ਹੈ। ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਣਾ, ਪੋਸ਼ਕ ਤੱਤਾਂ ਨੂੰ ਕੋਸ਼ਿਕਾਵਾਂ ਤੱਕ ਪਹੁੰਚਾਉਣਾ, ਸਰੀਰ ਵਿੱਚੋਂ ਫ਼ਾਲਤੂ ਪਦਾਰਥਾਂ ਨੂੰ ਬਾਹਰ ਕੱਢਣਾ, ਜੋੜਾਂ ਨੂੰ ਲਚਕੀਲਾ ਬਣਾਈ ਰੱਖਣਾ ਅਤੇ ਦਿਮਾਗ, ਦਿਲ ਅਤੇ ਮਾਸਪੇਸ਼ੀਆਂ ਨੂੰ ਸੁਚਾਰੂ ਢੰਗ ਨਾਲ ਕੰਮ ਕਰਨ ਯੋਗ ਬਣਾਉਣਾ ਇਹ ਸਭ ਪਾਣੀ ਦੀ ਮੌਜੂਦਗੀ ਨਾਲ ਹੀ ਸੰਭਵ ਹੈ।

ਜਦੋਂ ਗਰਮੀ ਵੱਧਦੀ ਹੈ ਤਾਂ ਸਰੀਰ ਆਪਣਾ ਤਾਪਮਾਨ ਘਟਾਉਣ ਲਈ ਪਸੀਨਾ ਕੱਢਦਾ ਹੈ। ਪਸੀਨੇ ਦੇ ਭਾਫ਼ ਬਣ ਕੇ ਉੱਡਣ ਨਾਲ ਸਰੀਰ ਠੰਢਾ ਹੁੰਦਾ ਹੈ, ਪਰ ਇਸ ਪ੍ਰਕਿਰਿਆ ਦੌਰਾਨ ਪਾਣੀ ਦੇ ਨਾਲ-ਨਾਲ ਸੋਡੀਅਮ ਅਤੇ ਪੋਟਾਸ਼ੀਅਮ ਵਰਗੇ ਜ਼ਰੂਰੀ ਖਣਿਜ ਵੀ ਸਰੀਰ ਵਿੱਚੋਂ ਬਾਹਰ ਨਿਕਲ ਜਾਂਦੇ ਹਨ। ਜੇਕਰ ਇਨ੍ਹਾਂ ਦੀ ਸਮੇਂ ਸਿਰ ਪੂਰਤੀ ਨਾ ਕੀਤੀ ਜਾਵੇ ਤਾਂ ਡੀਹਾਈਡ੍ਰੇਸ਼ਨ ਦੀ ਸਮੱਸਿਆ ਸ਼ੁਰੂ ਹੋ ਜਾਂਦੀ ਹੈ।

ਉੱਚ ਨਮੀ ਵਾਲੇ ਮੌਸਮ ਵਿੱਚ ਸਥਿਤੀ ਹੋਰ ਵੀ ਗੰਭੀਰ ਹੋ ਜਾਂਦੀ ਹੈ। ਹਵਾ ਵਿੱਚ ਪਹਿਲਾਂ ਹੀ ਨਮੀ ਜ਼ਿਆਦਾ ਹੋਣ ਕਾਰਨ ਪਸੀਨਾ ਢੰਗ ਨਾਲ ਨਹੀਂ ਸੁੱਕਦਾ। ਨਤੀਜੇ ਵਜੋਂ ਸਰੀਰ ਆਪਣੀ ਗਰਮੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਬਾਹਰ ਨਹੀਂ ਕੱਢ ਸਕਦਾ ਅਤੇ ਸਰੀਰ ਦਾ ਤਾਪਮਾਨ ਤੇਜ਼ੀ ਨਾਲ ਵੱਧਣ ਲੱਗਦਾ ਹੈ। ਇਸ ਨਾਲ ਹੀਟ ਐਗਜ਼ੌਸ਼ਨ ਅਤੇ ਹੀਟ ਸਟ੍ਰੋਕ ਦਾ ਖ਼ਤਰਾ ਕਈ ਗੁਣਾ ਵੱਧ ਜਾਂਦਾ ਹੈ।

ਪਾਣੀ ਦੀ ਕਮੀ ਦਾ ਪਹਿਲਾ ਸੰਕੇਤ ਪਿਆਸ ਲੱਗਣਾ ਹੁੰਦਾ ਹੈ, ਪਰ ਪਿਆਸ ਲੱਗਣ ਤੱਕ ਉਡੀਕ ਕਰਨਾ ਸਹੀ ਨਹੀਂ। ਉਸ ਸਮੇਂ ਤੱਕ ਸਰੀਰ ਵਿੱਚ ਪਾਣੀ ਦੀ ਘਾਟ ਸ਼ੁਰੂ ਹੋ ਚੁੱਕੀ ਹੁੰਦੀ ਹੈ। ਮੂੰਹ ਸੁੱਕਣਾ, ਥਕਾਵਟ, ਸਿਰ ਦਰਦ, ਚੱਕਰ ਆਉਣਾ, ਮਾਸਪੇਸ਼ੀਆਂ ਵਿੱਚ ਖਿਚਾਅ, ਪਿਸ਼ਾਬ ਦਾ ਗੂੜ੍ਹਾ ਪੀਲਾ ਰੰਗ ਅਤੇ ਘੱਟ ਪਿਸ਼ਾਬ ਆਉਣਾ ਇਸ ਦੇ ਸ਼ੁਰੂਆਤੀ ਲੱਛਣ ਹਨ। ਜੇਕਰ ਹਾਲਤ ਵਿਗੜ ਜਾਵੇ ਤਾਂ ਭਰਮ, ਦਿਲ ਦੀ ਧੜਕਣ ਤੇਜ਼ ਹੋਣਾ, ਬਲੱਡ ਪ੍ਰੈਸ਼ਰ ਘਟਣਾ, ਬੇਹੋਸ਼ੀ, ਗੁਰਦਿਆਂ ਨੂੰ ਨੁਕਸਾਨ, ਹੀਟ ਸਟ੍ਰੋਕ ਅਤੇ ਮੌਤ ਤੱਕ ਹੋ ਸਕਦੀ ਹੈ।

ਬੱਚੇ ਅਤੇ ਬਜ਼ੁਰਗ ਇਸ ਸਮੱਸਿਆ ਲਈ ਸਭ ਤੋਂ ਵੱਧ ਸੰਵੇਦਨਸ਼ੀਲ ਹੁੰਦੇ ਹਨ। ਬੱਚਿਆਂ ਦੇ ਸਰੀਰ ਵਿੱਚ ਪਾਣੀ ਜਲਦੀ ਘੱਟਦਾ ਹੈ, ਜਦਕਿ ਬਜ਼ੁਰਗਾਂ ਵਿੱਚ ਪਿਆਸ ਮਹਿਸੂਸ ਕਰਨ ਦੀ ਸਮਰੱਥਾ ਘੱਟ ਹੋ ਜਾਂਦੀ ਹੈ। ਇਸੇ ਤਰ੍ਹਾਂ ਕਿਸਾਨ, ਮਜ਼ਦੂਰ, ਨਿਰਮਾਣ ਕਰਮਚਾਰੀਆਂ, ਟ੍ਰੈਫਿਕ ਪੁਲਿਸ, ਖਿਡਾਰੀਆਂ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਨਾਲ ਪੀੜਤ ਲੋਕਾਂ ਨੂੰ ਗਰਮੀਆਂ ਵਿੱਚ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ।

ਪੂਰਾ ਜਲ ਸੇਵਨ ਸਿਰਫ਼ ਡੀਹਾਈਡ੍ਰੇਸ਼ਨ ਤੋਂ ਹੀ ਨਹੀਂ ਬਚਾਉਂਦਾ, ਸਗੋਂ ਇਹ ਸਰੀਰ ਦੇ ਤਾਪਮਾਨ ਨੂੰ ਸੰਤੁਲਿਤ ਰੱਖਣ, ਖ਼ੂਨ ਦੇ ਸੰਚਾਰ ਨੂੰ ਸੁਧਾਰਨ, ਗੁਰਦਿਆਂ ਦੀ ਕਾਰਗੁਜ਼ਾਰੀ ਵਧਾਉਣ, ਪਾਚਨ ਕਿਰਿਆ ਨੂੰ ਠੀਕ ਰੱਖਣ, ਯਾਦਦਾਸ਼ਤ ਅਤੇ ਧਿਆਨ ਕੇਂਦਰਿਤ ਕਰਨ ਦੀ ਸਮਰੱਥਾ ਨੂੰ ਵੱਧਾਉਣ, ਥਕਾਵਟ ਘੱਟਾਉਣ ਅਤੇ ਮਾਸਪੇਸ਼ੀਆਂ ਨੂੰ ਤੰਦਰੁਸਤ ਰੱਖਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਹਲਕੀ ਜਿਹੀ ਪਾਣੀ ਦੀ ਕਮੀ ਵੀ ਮਨੁੱਖ ਦੀ ਸਰੀਰਕ ਸਮਰੱਥਾ ਅਤੇ ਫ਼ੈਸਲਾ ਲੈਣ ਦੀ ਯੋਗਤਾ ਨੂੰ ਪ੍ਰਭਾਵਿਤ ਕਰ ਸਕਦੀ ਹੈ।

ਸਾਧਾਰਨ ਸਾਫ਼ ਪਾਣੀ ਸਭ ਤੋਂ ਵਧੀਆ ਪੇਯ ਹੈ। ਸਿਹਤਮੰਦ ਵਿਅਕਤੀਆਂ ਨੂੰ ਦਿਨ ਭਰ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਨਿਯਮਿਤ ਪਾਣੀ ਪੀਣਾ ਚਾਹੀਦਾ ਹੈ। ਬਹੁਤ ਜ਼ਿਆਦਾ ਪਸੀਨਾ ਆਉਣ ਦੀ ਸਥਿਤੀ ਵਿੱਚ ਓ.ਆਰ.ਐਸ. ਘੋਲ, ਨਾਰੀਅਲ ਪਾਣੀ, ਲੱਸੀ, ਨਿੰਬੂ ਪਾਣੀ ਵਿੱਚ ਚੁਟਕੀ ਭਰ ਨਮਕ ਅਤੇ ਘੱਟ ਸ਼ੱਕਰ ਵਾਲੇ ਤਾਜ਼ੇ ਫਲਾਂ ਦੇ ਰਸ ਵੀ ਲਾਭਦਾਇਕ ਹਨ। ਤਰਬੂਜ਼, ਖੀਰਾ, ਖਰਬੂਜ਼ਾ, ਸੰਤਰਾ, ਟਮਾਟਰ, ਸਟ੍ਰਾਬੈਰੀ ਅਤੇ ਹਰੀਆਂ ਪੱਤੇਦਾਰ ਸਬਜ਼ੀਆਂ ਵਰਗੇ ਪਾਣੀ ਨਾਲ ਭਰਪੂਰ ਭੋਜਨ ਵੀ ਸਰੀਰ ਨੂੰ ਹਾਈਡ੍ਰੇਟ ਰੱਖਣ ਵਿੱਚ ਮਦਦ ਕਰਦੇ ਹਨ।

ਦੂਜੇ ਪਾਸੇ, ਬਹੁਤ ਜ਼ਿਆਦਾ ਮਿੱਠੇ ਸਾਫਟ ਡ੍ਰਿੰਕਸ, ਵੱਧ ਕੈਫ਼ੀਨ ਵਾਲੇ ਪੇਯ ਅਤੇ ਸ਼ਰਾਬ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ। ਇਹ ਸਰੀਰ ਨੂੰ ਲੋੜੀਂਦਾ ਜਲ ਨਹੀਂ ਦਿੰਦੇ ਅਤੇ ਕਈ ਵਾਰ ਪਾਣੀ ਦੀ ਕਮੀ ਨੂੰ ਹੋਰ ਵੱਧਾ ਸਕਦੇ ਹਨ। ਐਨਰਜੀ ਡ੍ਰਿੰਕਸ ਨੂੰ ਵੀ ਪਾਣੀ ਦਾ ਬਦਲ ਨਹੀਂ ਸਮਝਣਾ ਚਾਹੀਦਾ।

ਕੇਵਲ ਪਾਣੀ ਪੀਣਾ ਹੀ ਕਾਫ਼ੀ ਨਹੀਂ। ਗਰਮੀਆਂ ਵਿੱਚ ਹਲਕੇ ਰੰਗਾਂ ਦੇ ਢਿੱਲੇ ਸੂਤੀ ਕੱਪੜੇ ਪਹਿਨਣੇ, ਦੁਪਹਿਰ ਦੇ ਸਭ ਤੋਂ ਗਰਮ ਸਮੇਂ ਦੌਰਾਨ ਬਾਹਰ ਜਾਣ ਤੋਂ ਬਚਣਾ, ਛਾਂ ਵਿੱਚ ਰਹਿਣਾ, ਪਰਨੇ ਜਾਂ ਛਤਰੀ ਦੀ ਵਰਤੋਂ ਕਰਨੀ ਅਤੇ ਸਮੇਂ-ਸਮੇਂ 'ਤੇ ਆਰਾਮ ਕਰਨਾ ਵੀ ਬਹੁਤ ਜ਼ਰੂਰੀ ਹੈ।

ਸਕੂਲਾਂ, ਕਾਲਜਾਂ, ਉਦਯੋਗਾਂ ਅਤੇ ਕੰਮ ਵਾਲੀਆਂ ਥਾਵਾਂ 'ਤੇ ਸਾਫ਼ ਪੀਣਯੋਗ ਪਾਣੀ ਦੀ ਆਸਾਨ ਉਪਲਬਧਤਾ ਯਕੀਨੀ ਬਣਾਈ ਜਾਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਨਿਯਮਿਤ ਅੰਤਰਾਲਾਂ 'ਤੇ ਪਾਣੀ ਪੀਣ ਲਈ ਪ੍ਰੇਰਿਤ ਕੀਤਾ ਜਾਣਾ ਚਾਹੀਦਾ ਹੈ।

ਜਲਵਾਯੂ ਪਰਿਵਰਤਨ ਕਾਰਨ ਹੀਟ ਵੇਵਜ਼ ਦੀ ਗਿਣਤੀ, ਤੀਬਰਤਾ ਅਤੇ ਮਿਆਦ ਲਗਾਤਾਰ ਵੱਧ ਰਹੀ ਹੈ। ਇਸ ਲਈ ਹੁਣ ਜਲ ਸੇਵਨ ਬਾਰੇ ਜਾਗਰੂਕਤਾ ਸਿਰਫ਼ ਨਿੱਜੀ ਆਦਤ ਨਹੀਂ ਰਹੀ, ਸਗੋਂ ਇੱਕ ਮਹੱਤਵਪੂਰਨ ਜਨ ਸਿਹਤ ਮੁਹਿੰਮ ਬਣ ਚੁੱਕੀ ਹੈ। ਸਮਾਜ, ਸਿੱਖਿਆ ਸੰਸਥਾਵਾਂ, ਕੰਮ ਵਾਲੀਆਂ ਥਾਵਾਂ ਅਤੇ ਸਰਕਾਰਾਂ ਨੂੰ ਮਿਲ ਕੇ ਲੋਕਾਂ ਨੂੰ ਡੀਹਾਈਡ੍ਰੇਸ਼ਨ ਦੇ ਸ਼ੁਰੂਆਤੀ ਲੱਛਣਾਂ ਅਤੇ ਇਸ ਤੋਂ ਬਚਾਅ ਦੇ ਤਰੀਕਿਆਂ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ।

ਇੱਕ ਗਿਲਾਸ ਪਾਣੀ ਆਮ ਜਿਹਾ ਲੱਗ ਸਕਦਾ ਹੈ, ਪਰ ਤਪਦੀ ਗਰਮੀ ਅਤੇ ਨਮੀ ਵਾਲੇ ਮੌਸਮ ਵਿੱਚ ਇਹ ਕਿਸੇ ਜੀਵਨ-ਰੱਖਿਅਕ ਦਵਾਈ ਤੋਂ ਘੱਟ ਨਹੀਂ। ਜੇ ਅਸੀਂ ਨਿਯਮਿਤ ਤੌਰ 'ਤੇ ਲੋੜੀਂਦਾ ਪਾਣੀ ਪੀਈਏ, ਪਾਣੀ ਨਾਲ ਭਰਪੂਰ ਭੋਜਨ ਖਾਈਏ ਅਤੇ ਗਰਮੀਆਂ ਦੌਰਾਨ ਸਾਵਧਾਨੀਆਂ ਅਪਣਾਈਏ, ਤਾਂ ਡੀਹਾਈਡ੍ਰੇਸ਼ਨ ਅਤੇ ਗਰਮੀ ਨਾਲ ਹੋਣ ਵਾਲੀਆਂ ਗੰਭੀਰ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ। ਬਦਲਦੇ ਜਲਵਾਯੂ ਦੇ ਇਸ ਦੌਰ ਵਿੱਚ ਸਰੀਰ ਨੂੰ ਹਾਈਡ੍ਰੇਟ ਰੱਖਣਾ ਸਿਰਫ਼ ਇੱਕ ਚੰਗੀ ਆਦਤ ਨਹੀਂ, ਸਗੋਂ ਸਿਹਤਮੰਦ ਅਤੇ ਸੁਰੱਖਿਅਤ ਜੀਵਨ ਦੀ ਬੁਨਿਆਦੀ ਲੋੜ ਹੈ।







SERVPRO
OF TRACY
Cleaning. Restoration. Construction.
ਅਸੀਂ ਸਾਰੇ ਕੰਮ California ਦੇ Environmental, Restoration Standards ਅਤੇ Insurance Guidlines ਦੀ Compliance ਵਿੱਚ ਕਰਦੇ ਹਾਂ
ਅਸੀਂ Insurance Companies ਦੇ National Account 'ਤੇ ਹਾਂ
ਅੱਗ ਲੱਗਣ, ਪਾਣੀ ਅਤੇ Mold ਨਾਲ ਖ਼ਰਾਬ ਹੋਈ ਇਮਾਰਤ ਅਤੇ ਸਮਾਨ ਦੀ ਸਫ਼ਾਈ ਕਰਦੇ ਹਾਂ | ਨੁਕਸਾਨ ਹੋਈ ਇਮਾਰਤ ਅਤੇ ਸਮਾਨ ਦੀ Insurance ਨੂੰ ਰਿਪੋਰਟ ਕਰਕੇ ਮਾਲਕ ਨੂੰ ਪੈਸੇ ਦਵਾਉਂਦੇ ਹਾਂ
Before
After
• ਪਾਣੀ ਨਾਲ ਨੁਕਸਾਨ ਦੀ ਮੁਰੰਮਤ
• ਕਾਰਪੇਟ ਅਤੇ ਫਰਨੀਚਰ ਸੁਕਾਉਣਾ
• ਛੱਤ ਅਤੇ ਕੰਧਾਂ ਦੀ ਉੱਲੀ (Mold) ਹਟਾਉਣਾ
• Insurance ਕੰਪਨੀ ਨਾਲ ਕਲੇਮ ਦਵਾਉਣ ਵਿੱਚ ਮਦਦ
Before
After
ਅਸੀਂ Mt.House, Tracy, Lathrop, Stockton, Manteca, Ripon, Modesto, Ceres ਅਤੇ Turlock ਤੱਕ ਕੰਮ ਕਰਦੇ ਹਾਂ
2275 N Mac Arthur Dr Tracy, CA 95376
CONTACT FOR MORE INFORMATION
DEEPINDER MAHAL
President
Office (209) 834-0200
Cell (408) 963-7702


Punjabi Cultural Society of Tracy
19th Annual Tracy Teeyan
Sunday, August 2, 2026
Time 10:00Am to 06:00Pm
I.P.F.E.S. Portuguese Hall of Tracy,
400 W 9th St. Tracy, CA
With Punjabi famous singer
KULWINDER BILLA
ਇਲਾਕੇ ਦੀਆਂ ਸਮੂਹ ਪੰਜਾਬੀ ਮੁਟਿਆਰਾਂ ਵੱਲੋਂ
ਗਿੱਧਾ, ਭੰਗੜਾ, ਬੋਲੀਆਂ ਪਾ ਪੇਸ਼ ਕੀਤੀਆਂ ਜਾਣਗੀਆਂ
ਵੱਖ-ਵੱਖ ਸੱਭਿਆਚਾਰਕ ਵੰਨਗੀਆ ਤੇ ਦਿਲ ਖਿੱਚਵੇਂ ਰੰਗਾਂ -ਰੰਗ ਪ੍ਰੋਗਰਾਮ।
ਲੱਗਣਗੇ ਹਾਰ- ਸ਼ਿੰਗਾਰ ਤੇ ਵੱਖੋ-ਵੱਖਰੇ ਖਾਣ ਪੀਣ ਦੇ ਸਟਾਲ !
TICKET
$10 TICKET
Kids under 5 free
Doors will close at 2 pm
Hosted by
Asha Sharma
FOR SPONSORSHIP AND PARTICIPATION
PLEASE CONTACT
Tajinder Muhar (209) 640-9521
Rani Kahlon
(ਸਟਾਲ ਸਾਰੇ ਬੁੱਕ ਹੋ ਚੁੱਕੇ ਨੇ) ਸਟੇਜ ਪਰਫਾਰਮੈਂਸ ਕਰਨ ਲਈ ਸੰਪਰਕ ਕਰੋ
ਵਧੇਰੇ ਜਾਣਕਾਰੀ ਲਈ ਕਾਲ ਕਰੋ : Tajinder Muhar (209) 640-9521





RE/MAX
EXECUTIVE

ਨਵਾਂ ਜਾਂ ਪੁਰਾਣਾ ਘਰ
ਖਰੀਦਣ ਜਾਂ ਵੇਚਣ ਲਈ
ਅੱਜ ਹੀ ਸੰਪਰਕ ਕਰੋ।

**Kirandeep Kaur**
Realtor ®
CalDRE # 02115235

ਤੁਸੀਂ ਸਾਡੇ ਨਾਲ ਹਿੰਦੀ ਅਤੇ ਪੰਜਾਬੀ
ਭਾਸ਼ਾ 'ਚ ਵੀ ਗੱਲ ਕਰ ਸਕਦੇ ਹੋ।

**Contact : Cell (209) 550-1704**

220 - A Standiford Ave, Modesto, CA 95350, kkaur@mycvre.com

EACH OFFICE IS INDEPENDENTLY OWNED AND OPERATED



ਵਿਜੈ ਗਰਗ
ਰਿਟਾਇਰਡ ਪ੍ਰਿੰਸੀਪਲ
ਮਲੋਟ

# ਨੀਟ: ਸਿੱਖਿਆ ਤੋਂ ਸਿਆਸਤ ਤੱਕ ਦਾ ਸਫ਼ਰ

ਭਾਰਤ ਵਿੱਚ ਮੈਡੀਕਲ ਸਿੱਖਿਆ ਹਾਸਲ ਕਰਨਾ ਲੱਖਾਂ ਵਿਦਿਆਰਥੀਆਂ ਦਾ ਸੁਪਨਾ ਹੁੰਦਾ ਹੈ। ਇਸ ਸੁਪਨੇ ਨੂੰ ਸਾਕਾਰ ਕਰਨ ਲਈ ਨੈਸ਼ਨਲ ਐਲੀਜਿਬਿਲਿਟੀ ਕਮ ਐਂਟਰੈਂਸ ਟੈਸਟ (ਨੀਟ) ਨੂੰ ਇੱਕ ਸਾਂਝੀ ਦਾਖਲਾ ਪ੍ਰੀਖਿਆ ਵਜੋਂ ਲਾਗੂ ਕੀਤਾ ਗਿਆ। ਇਸ ਦਾ ਮੁੱਖ ਉਦੇਸ਼ ਦੇਸ਼ ਭਰ ਵਿੱਚ ਮੈਡੀਕਲ ਦਾਖਲਿਆਂ ਲਈ ਇੱਕਸਾਰ ਅਤੇ ਪਾਰਦਰਸ਼ੀ ਪ੍ਰਣਾਲੀ ਬਣਾਉਣਾ ਸੀ। ਪਰ ਸਮੇਂ ਦੇ ਨਾਲ ਨੀਟ ਸਿਰਫ਼ ਇੱਕ ਪ੍ਰੀਖਿਆ ਨਹੀਂ ਰਹੀ, ਸਗੋਂ ਇਹ ਸਿੱਖਿਆ, ਸਮਾਜ ਅਤੇ ਸਿਆਸਤ ਦੇ ਕੇਂਦਰ ਵਿੱਚ ਆ ਖੜ੍ਹੀ ਹੋਈ ਹੈ।

ਨੀਟ ਦੀ ਸ਼ੁਰੂਆਤ ਦਾ ਮਕਸਦ ਇਹ ਸੀ ਕਿ ਵੱਖ-ਵੱਖ ਰਾਜਾਂ ਅਤੇ ਸੰਸਥਾਵਾਂ ਵੱਲੋਂ ਕਰਵਾਈਆਂ ਜਾਂਦੀਆਂ ਕਈ ਦਾਖਲਾ ਪ੍ਰੀਖਿਆਵਾਂ ਦੀ ਥਾਂ ਇੱਕ ਹੀ ਪ੍ਰੀਖਿਆ ਹੋਵੇ। ਇਸ ਨਾਲ ਵਿਦਿਆਰਥੀਆਂ ਦਾ ਸਮਾਂ, ਪੈਸਾ ਅਤੇ ਮਿਹਨਤ ਬਚੇ ਅਤੇ ਚੋਣ ਪ੍ਰਕਿਰਿਆ ਹੋਰ ਨਿਰਪੱਖ ਬਣੇ। ਪਹਿਲੇ ਕੁਝ ਸਾਲਾਂ ਵਿੱਚ ਇਸ ਪ੍ਰਣਾਲੀ ਨੂੰ ਕਾਫ਼ੀ ਹੱਦ ਤੱਕ ਸਫ਼ਲਤਾ ਵੀ ਮਿਲੀ।

ਪਰ ਜਿਵੇਂ-ਜਿਵੇਂ ਨੀਟ ਦਾ ਦਾਇਰਾ ਵਧਿਆ, ਇਸ ਨਾਲ ਜੁੜੇ ਵਿਵਾਦ ਵੀ ਵਧਦੇ ਗਏ। ਭਾਸ਼ਾ ਦਾ ਮੁੱਦਾ, ਪੇਂਡੂ ਅਤੇ ਸ਼ਹਿਰੀ ਵਿਦਿਆਰਥੀਆਂ ਵਿਚਕਾਰ ਅਸਮਾਨਤਾ, ਕੋਚਿੰਗ ਸੈਂਟਰਾਂ ਦੀ ਵਧਦੀ ਭੂਮਿਕਾ, ਪੇਪਰ ਲੀਕ ਦੇ ਦੋਸ਼, ਨਤੀਜਿਆਂ ਨੂੰ ਲੈ ਕੇ ਵਿਵਾਦ ਅਤੇ ਮਾਨਸਿਕ ਦਬਾਅ ਵਰਗੇ ਮੁੱਦੇ ਜਨਤਕ ਚਰਚਾ ਦਾ ਹਿੱਸਾ ਬਣ ਗਏ। ਇਹ ਚਿੰਤਾਵਾਂ ਸਿਰਫ਼ ਵਿਦਿਆਰਥੀਆਂ ਜਾਂ ਮਾਪਿਆਂ ਤੱਕ ਸੀਮਿਤ ਨਹੀਂ ਰਹੀਆਂ, ਸਗੋਂ ਸਿਆਸੀ ਦਲਾਂ ਨੇ ਵੀ ਇਨ੍ਹਾਂ ਨੂੰ ਆਪਣੇ-ਆਪਣੇ ਨਜ਼ਰੀਏ ਨਾਲ ਉਠਾਉਣਾ ਸ਼ੁਰੂ ਕਰ ਦਿੱਤਾ।

ਖ਼ਾਸ ਕਰਕੇ ਕੁਝ ਰਾਜਾਂ ਨੇ ਨੀਟ ਦਾ ਵਿਰੋਧ ਕਰਦਿਆਂ ਦਲੀਲ ਦਿੱਤੀ ਕਿ ਇਹ ਰਾਜ ਬੋਰਡਾਂ ਦੇ ਵਿਦਿਆਰਥੀਆਂ ਨਾਲ ਨਿਆਂ ਨਹੀਂ ਕਰਦੀ ਅਤੇ ਸਮਾਜਿਕ ਨਿਆਂ ਦੇ ਸਿਧਾਂਤਾਂ ਨੂੰ ਪ੍ਰਭਾਵਿਤ ਕਰਦੀ ਹੈ। ਦੂਜੇ ਪਾਸੇ, ਕੇਂਦਰ ਸਰਕਾਰ ਅਤੇ ਨੀਟ ਦੇ ਸਮਰਥਕ ਇਸ ਨੂੰ ਯੋਗਤਾ ਅਧਾਰਿਤ ਅਤੇ ਪਾਰਦਰਸ਼ੀ ਪ੍ਰਣਾਲੀ ਮੰਨਦੇ ਹਨ, ਜੋ ਦੇਸ਼ ਭਰ ਦੇ ਵਿਦਿਆਰਥੀਆਂ ਲਈ ਇੱਕੋ ਜਿਹਾ ਮੌਕਾ ਪ੍ਰਦਾਨ ਕਰਦੀ ਹੈ। ਇਸ ਤਰ੍ਹਾਂ ਨੀਟ ਸਿੱਖਿਆ ਨੀਤੀ ਤੋਂ ਅੱਗੇ ਵਧ ਕੇ ਕੇਂਦਰ-ਰਾਜ ਸੰਬੰਧਾਂ ਅਤੇ ਰਾਜਨੀਤਿਕ ਬਹਿਸ ਦਾ ਮਹੱਤਵਪੂਰਨ ਵਿਸ਼ਾ ਬਣ ਗਈ ਹੈ।

ਨੀਟ ਦੇ ਆਲੇ-ਦੁਆਲੇ ਸਿਆਸਤ ਦਾ ਇੱਕ ਹੋਰ ਪੱਖ ਇਹ ਵੀ ਹੈ ਕਿ ਹਰ ਵੱਡੇ ਵਿਵਾਦ ਤੋਂ ਬਾਅਦ ਰਾਜਨੀਤਿਕ ਦੋਸ਼ਾਰੋਪਣ ਸ਼ੁਰੂ ਹੋ ਜਾਂਦਾ ਹੈ। ਪੇਪਰ ਲੀਕ, ਪ੍ਰੀਖਿਆ ਪ੍ਰਬੰਧਨ ਜਾਂ ਨਤੀਜਿਆਂ ਵਿੱਚ ਗੜਬੜ ਦੀਆਂ ਖ਼ਬਰਾਂ ਆਉਂਦੀਆਂ ਹਨ ਤਾਂ ਵਿਰੋਧੀ ਧਿਰ ਸਰਕਾਰ ਨੂੰ ਘੇਰਦੀ ਹੈ, ਜਦਕਿ ਸਰਕਾਰ ਸੁਧਾਰਾਂ ਅਤੇ ਸਖ਼ਤ ਕਾਰਵਾਈ ਦੀ ਗੱਲ ਕਰਦੀ ਹੈ। ਇਸ ਸਿਆਸੀ ਖਿੱਚਤਾਣ ਵਿੱਚ ਕਈ ਵਾਰ ਅਸਲ ਮੁੱਦਾ ਵਿਦਿਆਰਥੀਆਂ ਦਾ ਭਵਿੱਖ ਪਿੱਛੇ ਰਹਿ ਜਾਂਦਾ ਹੈ।

ਇਸ ਹਕੀਕਤ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਨੀਟ ਨੇ ਮੈਡੀਕਲ ਦਾਖਲਿਆਂ ਵਿੱਚ ਕਈ ਪੁਰਾਣੀਆਂ ਬੇਨਿਯਮੀਆਂ ਨੂੰ ਘਟਾਉਣ ਵਿੱਚ ਯੋਗਦਾਨ ਪਾਇਆ ਹੈ। ਇੱਕੋ ਪ੍ਰੀਖਿਆ ਪ੍ਰਣਾਲੀ ਨੇ ਦਾਖਲਾ ਪ੍ਰਕਿਰਿਆ ਨੂੰ ਸੌਖਾ ਬਣਾਇਆ ਹੈ ਅਤੇ ਕਈ ਸੰਸਥਾਵਾਂ ਵਿੱਚ ਪਾਰਦਰਸ਼ਤਾ ਵਧਾਈ ਹੈ। ਪਰ ਇਸ ਦੇ ਨਾਲ ਇਹ ਯਕੀਨੀ ਬਣਾਉਣਾ ਵੀ ਲਾਜ਼ਮੀ ਹੈ ਕਿ ਪੇਂਡੂ, ਆਰਥਿਕ ਤੌਰ 'ਤੇ ਕਮਜ਼ੋਰ ਅਤੇ ਵੱਖ-ਵੱਖ ਸਿੱਖਿਆ ਬੋਰਡਾਂ ਦੇ ਵਿਦਿਆਰਥੀਆਂ ਨੂੰ ਬਰਾਬਰ ਦੇ ਮੌਕੇ ਮਿਲਣ।

ਭਵਿੱਖ ਵਿੱਚ ਨੀਟ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਪ੍ਰੀਖਿਆ ਪ੍ਰਬੰਧਨ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਭਰੋਸੇਯੋਗ ਬਣਾਉਣਾ, ਪਾਰਦਰਸ਼ਤਾ ਵਧਾਉਣਾ, ਪ੍ਰੀਖਿਆ ਕੇਂਦਰਾਂ ਦੀ ਗੁਣਵੱਤਾ ਸੁਧਾਰਨਾ, ਵਿਦਿਆਰਥੀਆਂ ਲਈ ਮਨੋਵਿਗਿਆਨਕ ਸਹਾਇਤਾ ਉਪਲਬਧ ਕਰਵਾਉਣਾ ਅਤੇ ਸਕੂਲੀ ਸਿੱਖਿਆ ਨੂੰ ਇਸ ਪੱਧਰ ਤੱਕ ਮਜ਼ਬੂਤ ਕਰਨਾ ਜ਼ਰੂਰੀ ਹੈ ਕਿ ਕੋਚਿੰਗ ਉੱਤੇ ਨਿਰਭਰਤਾ ਘਟੇ।

ਨੀਟ ਬਾਰੇ ਚਰਚਾ ਸਿਰਫ਼ ਇਸ ਗੱਲ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ ਕਿ ਇਹ ਪ੍ਰੀਖਿਆ ਰਹੇ ਜਾਂ ਨਾ ਰਹੇ। ਅਸਲ ਸਵਾਲ ਇਹ ਹੈ ਕਿ ਦੇਸ਼ ਦੀ ਮੈਡੀਕਲ ਸਿੱਖਿਆ ਪ੍ਰਣਾਲੀ ਨੂੰ ਹੋਰ ਨਿਆਂਪੂਰਨ, ਸਮਾਨ ਅਤੇ ਗੁਣਵੱਤਾ ਵਾਲਾ ਕਿਵੇਂ ਬਣਾਇਆ ਜਾਵੇ। ਜੇਕਰ ਸਿੱਖਿਆ ਨੂੰ ਸਿਆਸੀ ਬਹਿਸ ਤੋਂ ਉੱਪਰ ਰੱਖ ਕੇ ਵਿਦਿਆਰਥੀਆਂ ਦੇ ਹਿੱਤ ਨੂੰ ਪਹਿਲ ਦਿੱਤੀ ਜਾਵੇ, ਤਾਂ ਨੀਟ ਆਪਣੇ ਅਸਲ ਉਦੇਸ਼ ਯੋਗ ਅਤੇ ਸਮਰੱਥ ਡਾਕਟਰ ਤਿਆਰ ਕਰਨ ਵਿੱਚ ਹੋਰ ਸਫ਼ਲ ਹੋ ਸਕਦੀ ਹੈ।

ਅੰਤ ਵਿੱਚ, ਨੀਟ ਦਾ ਸਫ਼ਰ ਸਾਨੂੰ ਇਹ ਸਿੱਖਾਉਂਦਾ ਹੈ ਕਿ ਸਿੱਖਿਆ ਨਾਲ ਜੁੜਿਆ ਹਰ ਫ਼ੈਸਲਾ ਕੇਵਲ ਪ੍ਰਸ਼ਾਸਨਿਕ ਨਹੀਂ ਹੁੰਦਾ, ਸਗੋਂ ਉਸ ਦੇ ਸਮਾਜਿਕ ਅਤੇ ਰਾਜਨੀਤਿਕ ਪ੍ਰਭਾਵ ਵੀ ਹੁੰਦੇ ਹਨ। ਇਸ ਲਈ ਲੋੜ ਹੈ ਕਿ ਇਸ ਮੁੱਦੇ ਨੂੰ ਟਕਰਾਅ ਦੀ ਥਾਂ ਸੰਵਾਦ, ਸੁਧਾਰ ਅਤੇ ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ ਨਾਲ ਦੇਖਿਆ ਜਾਵੇ। ਇਹੀ ਰਾਹ ਭਾਰਤ ਦੀ ਸਿੱਖਿਆ ਪ੍ਰਣਾਲੀ ਨੂੰ ਹੋਰ ਮਜ਼ਬੂਤ ਅਤੇ ਭਰੋਸੇਯੋਗ ਬਣਾ ਸਕਦਾ ਹੈ।







SUNSHINE AUTO CARE INC
WE REPAIR ALL"
AUTO • DIESEL TRUCKS • TRAILERS
All Makes & Models
FULL SERVICE AUTO & DIESEL REPAIR
Engine Diagnostics
Brake Service
Engine Diagnostics
Brake Service
Suspension & Steering
Diesel Truck Repair
Trailer Repair
Reliable • Professional • Fast Service
1003 MOFFAT BLVD.• MANTECA, CA 95336
209-239-1551


web -www.globaldrugtestinginc@gmail.com
email -info@globaltruckpermits.com
ਕੈਲੇਫੋਰਨੀਆ ਅੰਦਰ ਸਾਰੀਆਂ ਸੇਵਾਵਾਂ ਇੱਕੋ ਥਾਂ
GLOBAL TRUCK PERMITS
GLOBAL TRUCK PERMITS
ਦੇ ਜ਼ਰੀਏ ਲੈ ਕੇ ਜਾਉ ਤੁਹਾਡੇ Business ਨੂੰ ਤਰੱਕੀਆਂ ਵੱਲ
ਟ੍ਰੱਕਰ ਵੀਰਾਂ ਵਾਸਤੇ, ਇੱਕ ਹੀ ਛੱਤ ਹੇਠ
New Company Permits
IRP Plates
Trailer Plates
Truck ELD
DOT Drug Testing
DOT Drug Testing | Compliance Services | Driver Hiring
Driver Files | Safety Audit | Clearing House | Driver Management
"ਸਾਡਾ ਇਸ ਕੰਮ ਵਿਚ
19 ਸਾਲ ਦਾ ਤਜਰਬਾ ਹੈ"
ਅੱਜ ਹੀ ਕਾਲ ਕਰੋ :
ਰਾਜਿੰਦਰ ਟਾਂਡਾ
Ph : (209) 636-0880 | Ph : (209) 364-3020 | Cell :(510) 557-6988
Address: 159 Darcy Pkwy Lathrop, CA 95330

# CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

**AUTO · HOME · TRUCK · BUSINESS · LIFE · MEDICAL**

## ਪਾਸਪੋਰਟ / ਵੀਜ਼ਾ

* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents

The Attorney has 25 years of experience in your favor for all legal services.

## Vehicle Registration

(Approved by CA DMV)

* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification

Lic.43779

## Other Services

* Live Scan / Fingerprints
* Covered California.
* Drug Testing * Alcohol Test
* Notary Services
* International Driver Lic.

Lic. 6000947



**Office Ph.(916) 427-4321**

6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us




Capital DRUG TESTING

# CAPITAL DRUG TESTING

## Drug and Alcohol Test

## DOT / NON DOT

**PRE EMPLOYMENT - RANDOM**
**POST ACCIDENT - REASONABLE SUSPICION**

**Services: DOT Random Prog., FMCSA Clearinghouse, DOT Supervisor Training, SAP Classes Etc.**

**Lab. Ph:(916) 680-9293**

6624 Florin Road
Sacramento CA, 95828
Email: capitaldrugtest@gmail.com
Website: www.capitaldrugtest.com





SANJHI SOCH
ਬਰਜਿੰਦਰ ਕੌਰ ਬਿਸਰਾਓ
99889-01324

# ਪੰਜ ਸੌ ਦੇ ਨੋਟ ਵਾਲ਼ੀ ਬੰਦ ਮੁੱਠੀ

ਗੱਲ ਕਰੋਨਾ ਕਾਲ ਦੇ ਸਮੇਂ ਲਾਕਡਾਊਨ ਲੱਗਣ ਤੋਂ ਦੋ ਦਿਨ ਪਹਿਲਾਂ ਦੀ ਹੈ। ਮੈਂ ਆਪਣੇ ਪੇਕੇ ਘਰ ਆਪਣੀ ਮਾਂ ਦੀ ਖ਼ਬਰ ਲੈਣ ਲਈ ਗਈ ਸੀ ਕਿਉਂ ਕਿ ਫ਼ੋਨ ਆਇਆ ਸੀ ਕਿ ਉਹਨਾਂ ਦੀ ਤਬੀਅਤ ਜ਼ਿਆਦਾ ਖ਼ਰਾਬ ਹੋ ਰਹੀ ਸੀ। ਵੈਸੇ ਤਾਂ ਉਹ ਬਹੁਤ ਹੀ ਹਿੰਮਤ ਵਾਲ਼ੇ ਸਨ ਪਰ ਦਿਲ ਪੰਦਰਾਂ ਕੁ ਪ੍ਰਸੈਂਟ ਕੰਮ ਕਰਦਾ ਹੋਣ ਕਰਕੇ ਚਾਰ ਕਦਮ ਤੁਰ ਕੇ ਹੀ ਉਹ ਸਾਹੋ ਸਾਹ ਹੋ ਜਾਂਦੇ ਸਨ। ਜਿਵੇਂ ਹੀ ਮੈਂ ਉਨ੍ਹਾਂ ਦੀ ਖ਼ਬਰ ਲੈਣ ਪਹੁੰਚੀ ਤਾਂ ਉਹ ਵਿਹੜੇ ਵਿੱਚ ਕੁਰਸੀ 'ਤੇ ਬੈਠੇ ਸਨ। ਮੈਂ ਵੀ ਉੱਥੇ ਹੀ ਕੁਰਸੀ 'ਤੇ ਬੈਠ ਗਈ। ਅਸੀਂ ਮਾਵਾਂ ਧੀਆਂ ਦੋ ਕੁ ਘੰਟੇ ਗੱਲਾਂ ਬਾਤਾਂ ਕਰਦੀਆਂ ਰਹੀਆਂ। ਅਚਾਨਕ ਮੰਮੀ ਉੱਠ ਕੇ ਅੰਦਰ ਨੂੰ ਗਏ ਜਿੱਥੇ ਉਨ੍ਹਾਂ ਦੀ ਇੱਕ ਪੁਰਾਣੀ ਡੋਲ਼ੀ ਪਈ ਸੀ ,ਜਿਸ ਵਿੱਚ ਉਹਨਾਂ ਦਾ ਪੈਸਾ ਧੇਲਾ, ਜਾਇਦਾਦ ਦੇ ਕਾਗਜ਼ ਪੱਤਰ ਤੇ ਗਹਿਣੇ ਗੱਟੇ ਰੱਖੇ ਹੁੰਦੇ ਸਨ। ਉਹ ਉਸ ਨੂੰ ਛੋਟੀ ਜਿਹੀ ਜਿੰਦੀ ਲਾ ਕੇ ਰੱਖਦੇ ਸਨ ਤੇ ਚਾਬੀ ਉੱਥੇ ਈ ਨੇੜੇ ਤੇੜੇ ਅੰਗੀਠੀ ਤੇ ਵਿਛਾਏ ਕੱਪੜੇ ਥੱਲੇ ਈ ਪਈ ਹੁੰਦੀ ਸੀ। ਜਦੋਂ ਮੰਮੀ ਵਾਪਸ ਆਏ ਤਾਂ ਉਨ੍ਹਾਂ ਦਾ ਸਾਹ ਪਲਟਿਆ ਪਿਆ ਸੀ। ਉਨ੍ਹਾਂ ਤੋਂ ਪੂਰੀ ਤਰ੍ਹਾਂ ਬੋਲਿਆ ਨੀ ਜਾ ਰਿਹਾ ਸੀ। ਉਵੇਂ ਉਹ ਸਾਹ ਟੁੱਟ ਕੇ ਗੱਲ ਕਰਦਿਆਂ ਕਰਦਿਆਂ ਨੇ ਆਪਣੀ ਬੰਦ ਮੁੱਠੀ ਮੇਰੀ ਮੇਰਾ ਹੱਥ ਫੜ ਕੇ ਉਸ ਵਿੱਚ ਖੋਲ੍ਹ ਦਿੱਤੀ। ਜਦ ਮੈਂ ਦੇਖਿਆ ਤਾਂ ਮੰਮੀ ਮੈਨੂੰ ਪੰਜ ਸੌ ਰੁਪਏ ਫੜਾ ਰਹੇ ਸਨ। ਮੈਂ ਬਹੁਤ ਨਾਂਹ ਨੁੱਕਰ ਕਰਨ ਦੇ ਨਾਲ ਹੀ ਮੰਮੀ ਨੂੰ ਗੁੱਸੇ ਹੋਈ,"ਮੰਮੀ.....ਮੈਨੂੰ ਪੈਸੇ ਦੇਣ ਖ਼ਾਤਰ ਤੁਸੀਂ ਆਪਣਾ ਕੀ ਹਾਲ ਬਣਾ ਲਿਆ.... ਮੈਂ ਨੀ ਲੈਣੇ ਪੈਸੇ.... ਤੁਹਾਡੇ ਵੱਲੋਂ ਮੈਨੂੰ ਪੈਸੇ ਦੇਣੇ ਜ਼ਰੂਰੀ ਨੇ ਜਾਂ ਆਪਣੀ ਸਿਹਤ ਦਾ ਖਿਆਲ ਰੱਖਣਾ ਜ਼ਰੂਰੀ ਹੈ....ਰੱਖੋ ਆਪਣੇ ਪੈਸੇ ਆਪਣੇ ਕੋਲ... ਮੈਂ ਨੀ ਲੈਣੇ... !"

ਮੰਮੀ ਨੇ ਮੇਰੀ ਹਥੇਲੀ ਵਿੱਚ ਆਪਣੀ ਮੁੱਠੀ ਵਾਲ਼ੇ ਪੈਸੇ ਰੱਖ ਕੇ ਮੇਰੇ ਹੱਥ ਦੀਆਂ ਉਂਗਲਾਂ ਨੂੰ ਆਪ ਮੋੜ ਕੇ ਮੇਰੇ ਹੱਥ ਨੂੰ ਪੰਜ ਸੌ ਦੇ ਨੋਟ ਨਾਲ ਭਰੀ ਹੋਈ ਮੁੱਠੀ ਬਣਾ ਦਿੱਤਾ ਸੀ ਤੇ ਨਾਲੇ ਮੱਥੇ ਤੇ ਪਿਆਰ ਵਾਲ਼ੀ ਘੂਰੀ ਵੱਟ ਕੇ ਬਹੁਤ ਹੌਲ਼ੀ ਅਵਾਜ਼ ਵਿੱਚ ਆਖਣ ਲੱਗੇ,"...ਚੁੱਪ.... ਚੁੱਪ.... ਜ਼ਿਆਦਾ ਰੌਲ਼ਾ ਨਾ ਪਾ.... ਚੁੱਪ ਕਰ ਕੇ ਪਰਸ ਚ ਪਾ ਲੈ... !"

ਮੈਂ ਵੀ ਮੰਮੀ ਦੀ ਘੂਰ ਨੂੰ ਮੰਨਦੇ ਹੋਏ ਪੰਜ ਸੌ ਦਾ ਨੋਟ ਚੁੱਪ ਕਰ ਕੇ ਪਰਸ ਵਿੱਚ ਪਾ ਲਿਆ ਤੇ ਮੰਮੀ ਨੂੰ ਗਲਵੱਕੜੀ ਪਾ ਕੇ ਪਿਆਰ ਕਰਕੇ ਘਰ ਵਾਪਸ ਆ ਗਈ।

ਦੋ ਦਿਨ ਬਾਅਦ ਉਧਰੋਂ ਲੌਕਡਾਊਨ ਲੱਗ ਰਿਹਾ ਸੀ ਤੇ ਉੱਧਰੋਂ ਮੰਮੀ ਦੀ ਸਿਹਤ ਬਹੁਤ ਖ਼ਰਾਬ ਹੋ ਗਈ ਸੀ। ਉਹਨਾਂ ਨੂੰ ਐਮਰਜੈਂਸੀ ਵਿੱਚ ਹਸਪਤਾਲ ਦਾਖਲ ਕਰਵਾਉਣਾ ਪਿਆ। ਸਰਕਾਰਾਂ ਵੱਲੋਂ ਹਸਪਤਾਲ ਵੀ ਖ਼ਾਲੀ ਕਰਵਾਏ ਜਾ ਰਹੇ ਸਨ।ਬੱਸ ਕੋਈ ਕੋਈ ਐਮਰਜੈਂਸੀ ਵਾਲ਼ਾ ਮਰੀਜ਼ ਹੀ ਉਨ੍ਹਾਂ ਨੇ ਰੱਖਿਆ ਹੋਇਆ ਸੀ। ਲੌਕ ਡਾਊਨ ਦੌਰਾਨ ਹਰ ਰੋਜ਼ ਮੈਂ ਦੋ ਵਾਰ ਮੰਮੀ ਨੂੰ ਹਸਪਤਾਲ ਵੇਖਣ ਜਾਂਦੀ,ਰਸਤੇ ਵਿੱਚ ਕਈ ਜਗ੍ਹਾ ਨਾਕੇ ਖੁਲਵਾ ਖੁਲਵਾ ਕੇ ਜਾਣਾ ਪੈਂਦਾ।

ਰਾਹਾਂ ਵਿੱਚ ਨਾ ਚਿੜੀ ਨਾ ਪਰਿੰਦਾ ਫਰਕਦਾ ਸੀ। ਜਮ੍ਹਾਂ ਸੁੰਨੀਆਂ ਸੜਕਾਂ ਹੁੰਦੀਆਂ ਸਨ। ਹੁਣ ਤਾਂ ਨਾਕਿਆਂ ਤੇ ਖੜ੍ਹੇ ਪੁਲਿਸ ਵਾਲ਼ੇ ਵੀ ਜਾਨਣ ਲੱਗ ਪਏ ਸਨ ਕਿ ਇਹ ਹਰ ਰੋਜ਼ ਆਪਣੇ ਮਰੀਜ਼ ਨੂੰ ਵੇਖਣ ਜਾਂਦੇ ਹਨ। ਇਸੇ ਤਰ੍ਹਾਂ ਸਾਰਾ ਲਾਕਡਾਊਨ ਖ਼ਾਲੀ ਸੜਕਾਂ ਤੇ ਜਾਣ ਆਉਣ ਵਿੱਚ ਲੰਘਿਆ। ਇੱਕ ਦਿਨ ਸਵੇਰੇ ਸਵੇਰੇ ਦੋ ਕੁ ਮਹੀਨੇ ਬਾਅਦ ਉਹ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ। ਉਹਨਾਂ ਦੀਆਂ ਸਾਰੀਆਂ ਆਖ਼ਰੀ ਰਸਮਾਂ ਵੀ ਪੂਰੀਆਂ ਹੋ ਗਈਆਂ ਸਨ।

ਪਰ ਜਦ ਵੀ ਮੈਂ ਆਪਣੇ ਪਰਸ ਵਿੱਚੋਂ ਉਹ ਪੰਜ ਸੌ ਦਾ ਨੋਟ ਕੱਢ ਕੇ ਦੇਖਦੀ ਹਾਂ ਤਾਂ ਮੈਨੂੰ ਪੰਜ ਸੌ ਦੇ ਨੋਟ ਵਾਲ਼ੀ ਮਾਂ ਦੀ ਬੰਦ ਮੁੱਠੀ ਯਾਦ ਆ ਜਾਂਦੀ ਹੈ। ਕਿਵੇਂ ਉਹ ਕੁੱਬੀ ਕੁੱਬੀ ਹੋ ਕੇ ਅੰਦਰੋਂ ਜਾ ਕੇ ਲੈ ਕੇ ਆਈ ਸੀ। ਉਹ ਸਾਰਾ ਦ੍ਰਿਸ਼ ਜਿਉਂ ਦਾ ਤਿਉਂ ਮੇਰੀਆਂ ਅੱਖਾਂ ਸਾਹਮਣੇ ਘੁੰਮਣ ਲੱਗਦਾ ਹੈ। ਮੈਨੂੰ ਉਹ ਪੰਜ ਸੌ ਦਾ ਨੋਟ ਬੇਸ਼ਕੀਮਤੀ ਲੱਗਦਾ ਹੈ ਕਿਉਂ ਕਿ ਮਾਂ ਵੱਲੋਂ ਦਿੱਤਾ ਹੋਇਆ ਉਹ ਆਖ਼ਰੀ ਨੋਟ ਇਕੱਲਾ ਪੰਜ ਸੌ ਦੀ ਕੀਮਤ ਵਾਲ਼ਾ ਨੋਟ ਨਹੀਂ ਸਗੋਂ ਉਸ ਵਿੱਚ ਧੀ ਲਈ ਠਾਠਾਂ ਮਾਰਦਾ ਪਿਆਰ, ਮਾਂ ਦਾ ਆਖ਼ਰੀ ਅਹਿਸਾਸ,ਅਸ਼ੀਰਵਾਦ ਤੇ ਮਾਂ ਦੀਆਂ ਹੋਰ ਪਤਾ ਨਹੀਂ ਕਿੰਨੀਆਂ ਭਾਵਨਾਵਾਂ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਉਸ ਨੋਟ ਨੂੰ ਦੇਖਦੇ ਹੀ ਮਾਂ ਮੇਰੇ ਸਾਹਮਣੇ ਖੜ੍ਹੀ ਦਿਸਦੀ ਹੈ, ਉਹ ਆਪਣੇ ਝੁਰੜੀਆਂ ਵਾਲੇ ਹੱਥਾਂ ਨਾਲ ਮੇਰੀਆਂ ਉਂਗਲਾਂ ਨੂੰ ਅੰਦਰ ਮੋੜਦੀ ਹੋਈ ਮੇਰੀ ਹਥੇਲੀ ਵਿੱਚ ਪੰਜ ਸੌ ਦਾ ਨੋਟ ਰੱਖ ਕੇ ਮੁੱਠੀ ਬੰਦ ਕਰਦੀ ਹੋਈ ਸਾਕਸ਼ਾਤ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ। ਮੈਂ ਆਪਣੀ ਮਾਂ ਨੂੰ ਇਸ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਵੀ ਇੱਕ ਪੰਜ ਸੌ ਦੇ ਨੋਟ ਦੇ ਜ਼ਰੀਏ ਆਪਣੇ ਨਾਲ ਖੜ੍ਹੀ ਮਹਿਸੂਸ ਕਰਦੀ ਹੋਈ ਨੂੰ ਛੋਹ ਲੈਂਦੀ ਹਾਂ।

**Now Open New Banquet Hall in Sacramento**
*For more info: Contact Paul : (916)334-6000*



WE HAVE THE CHEAPEST FARES TO INDIA

# LEGEND TRAVEL




arc accredited agency

CST # 207524-40

Special Fares To India From West-coast (us) On Air India Direct Flights




LOWEST AIRFARES FROM USA TO INDIA

★Travel Insurance ★ Great last Minute Deals ★ Offices in India

ਜੇ ਤੁਹਾਨੂੰ ਕਿਤੋਂ ਵੀ ਟਿਕਟ ਨਾ ਮਿਲੇ ਤਾਂ ਸਾਨੂੰ ਇਕ ਵਾਰ ਫੋਨ ਕਰੋ
ਅਸੀਂ ਸਾਰੀਆਂ ਏਅਰਲਾਈਨਜ਼ ਨਾਲ ਕੰਮ ਕਰਦੇ ਹਾਂ।

CALL US (510) 797-9010

USA OFFICE: 2450 PERALTA BLVD., STE 106-108,
FREMONT CA 94536 PH.: 510-797-9010

Website: www.legendamerica.net

Emirates | Cathay Pacific | Asiana Airlines | Jet Airways | China Airlines | British Airways | Singapore Airlines | Lufthansa | ANA

ਡਤਾਈਵਰ ਵੀ ਜ਼ਿੰਦਗੀ ਦੇ
2 ਸਭ ਤੋਂ ਵੱਡੇ ਦੁਸ਼ਮਣ ਕੌਣ?
ਕਾਗਜ਼ ਤੇ ਘਾਣ ਦਾ ਇਨਵੌਇਸ!



ਇਨਵੌਇਸ ਬਣਾਓ ਆਸਾਨ,
ਤੇ ਚਲੋ ਬੱਸ ਮਸਤਾਨ!

ਘੱਟ ਕਾਗਜ਼ੀ ਕੰਮ. ਹੋਰ ਕਿਲੋਮੀਟਰ. ਇਨਵੌਇਸ ਸਮਾਰਟ ਬਣਾਓ Traki ਨਾਲ.

INVOICE $

**ਕਾਗਜ਼ ਸੰਭਾਲੋ**
ਫੋਟੋ, PDF ਤੇ ਆਪਣੇ ਡੌਕੂਮੈਂਟ ਇਕੱਤਰ ਰੱਖੋ.

**ਇਨਵੌਇਸ ਬਣਾਓ**
AI ਮਦਦ ਨਾਲ ਆਟੋ ਫਿਲ ਅਤੇ ਪੇਸ਼ੇਵਰ ਇਨਵੌਇਸ ਤਿਆਰ.

**ਕਮਾਈ ਵਧਾਓ**
ਰਿਪੋਰਟ ਵੇਖੋ, ਕਮਾਈ ਟ੍ਰੈਕ ਕਰੋ, ਤੇ ਟਾਈਮ ਬਚਾਓ.

**ਅੱਜ ਹੀ ਸ਼ੁਰੂ ਕਰੋ!**
3 ਦਿਨ ਦਾ ਮੁਫ਼ਤ TRIAL ਮਿਲੇਗਾ!
ਟਰਾਈ ਕਰੋ, ਪਸੰਦ ਆਇਆ ਤਾਂ ਅੱਗੇ ਵਧੋ!

QR ਸਕੈਨ ਕਰੋ ਤੇ Traki ਡਾਊਨਲੋਡ ਕਰੋ ਹੁਣੇ!

**ਟਾਈਮ ਬਚਾਓ**
ਕਾਗਜ਼ੀ ਕੰਮ ਘੱਟ, ਡਰਾਈਵ ਵੱਧ.

**ਗਲਤੀ ਘੱਟ**
ਆਟੋਮੈਟਿਕ ਫ਼ਿਲ ਤੇ ਸਹੀ ਇਨਵੌਇਸ.

**ਆਫਲਾਈਨ ਕੰਮ**
ਇੰਟਰਨੈੱਟ ਬਿਨ੍ਹਾਂ ਵੀ ਸਭ ਕੁਝ ਚੱਲਦਾ.

**ਸਭ ਕੁਝ ਇੱਕ ਜਗ੍ਹਾ**
ਡੌਕੂਮੈਂਟ, ਇਨਵੌਇਸ ਤੇ ਰਿਪੋਰਟ – ਸਭ ਨਾਲ.

ਹੋਰ ਜਾਣਕਾਰੀ ਲਈ ਵੇਖੋ | TRAKIAPP.COM

TRAKI
ਡਰਾਈਵਰ ਦਾ ਅਸਲੀ ਯਾਰ.


JASPREET SINGH
ATTORNEY AT LAW USA
JASPREET SINGH ATTORNEY AT LAW USA
SPECIALIZES IN IMMIGRATION LAW MATTERS , POLITICAL ASYLUM , DEPORTATION
DEFENSE , GREEN CARDS , MARRIAGE , CITIZENSHIP, P3 AND E-2 VISAS
LAW OFFICES IN NY , NJ AND CALIFORNIA
SACRAMENTO, CA
5855 AUBURN BLVD, SACRAMENTO, CA 95841 +1-917-915-4142
FREMONT, CA
3155 KEARNEY ST, SUITE #248, FREMONT, CA 94538 +1-510-657-6444
NEW YORK, NY
108-14 JAMAICA AVENUE, RICHMOND HILL, NY 11418 +1-718-533-8444
FRESNO, CA
1625 E SHAW AVE #122, FRESNO, CA 93711 +1-559-271-5511
NEW JERSEY, NJ
2060 OAK TREE ROAD #1, EDISON, NEW JERSEY, 08820 +1-732-453-6699
LOS ANGELES, CA
1013 N BEGONIA AVE, ONTARIO, CA 91762 +1-917-915-4142
CONTACT
+1-917-915-4142
Jaspreetsinghlaoffice@gmail.com

# ਸੱਤਾ ਦਾ ਨਸ਼ਾ

ਸੱਤਾ ਦੇ ਨਸ਼ੇ 'ਚ ਚੂਰ ਹੋਇਆਂ ਨੂੰ,
ਦਿਸਦਾ ਨਾ ਕੁਝ ਹੋਰ ਕੁੜੇ।
ਜੋ ਕਰਨ ਘਟਾਲੇ, ਪੇਪਰ ਲੀਕ ਵੀ,
ਫੜੇ ਜਾਣੇ ਉਹ ਚੋਰ ਕੁੜੇ।
ਹੱਕ ਮੰਗਦਿਆਂ 'ਤੇ ਵਰਨ ਲਾਠੀਆਂ,
ਜਰਵਾਣੇ ਲਾਇਆ ਜ਼ੋਰ ਕੁੜੇ।
ਜੰਤਰ-ਮੰਤਰ ਬਣਿਆ ਜੰਗ ਮਦਾਨੇਂ,
ਲੱਗਿਆ ਅੱਖ ਦਾ ਫੋਰ ਕੁੜੇ।
ਉਥੇ ਬੈਠੇ ਨੇ ਸਭ ਧਰਨਾ ਲਾ ਕੇ,
ਕੀ ਗੱਭਰੂ,ਬਜ਼ੁਰਗ ਕਸ਼ੋਰ ਕੁੜੇ।
ਇਹ ਸੱਚ ਛੁਪਾਇਆ ਨਹੀਂ ਛੁਪਣਾ,
ਭਾਵੇ ਕਲਯੁੱਗ ਘੋਰ ਕੁੜੇ।
ਬਣੀ ਅਤਿਆਚਾਰਾਂ ਦਾ ਗੜ ਦਿੱਲੀ ,
ਜਿੱਥੇ ਚੜ੍ਹੇ ਜ਼ੁਲਮ ਨੂੰ ਲੋਰ ਕੁੜੇ।
ਬਾਗੀਂ ਸਦਾ ਨਾ ਬੁਲਬੁਲਾਂ ਬੋਲਣ,
ਨਾ ਪੈਲਾਂ ਪਾਵਣ ਮੋਰ ਕੁੜੇ।
ਦੇਣਾ ਪਊ ਹਿਸਾਬ ਇੱਕ ਦਿਨ 'ਪੱਤੋ',
ਰਹੀ ਜਾਨਤਾ ਨਹੀਂ ਕਮਜ਼ੋਰ ਕੁੜੇ।



SANJHI SOCH
ਹਰਪ੍ਰੀਤ ਪੱਤੋ
ਪਿੰਡ ਪੱਤੋ ਹੀਰਾ ਸਿੰਘ
ਮੋਗਾ
94658-21417

# ਕਲਾ

ਨਹੀਂ ਨਿਭਾਉਣੀ ਕਹਿ ਦੇ ਮੈਂਨੂੰ ਜਾਹ ਸੱਜਣਾ।
ਵਿੱਚ ਵਿਚਾਲੇ ਦਾ ਨਾ ਰੱਖ ਤੂੰ ਰਾਹ ਸੱਜਣਾ।
ਭਰ ਜਾਵੀਂ ਹਰਜਾਨਾ ਛੱਡਣ ਤੋਂ ਪਹਿਲਾਂ,
ਤੇਰੇ ਨਾਂ ਦੇ ਜਿੰਨੇ ਲਏ ਮੈਂ ਸਾਹ ਸੱਜਣਾ।
ਹੱਸ ਖੇਡ ਕੇ ਜਿੰਦਗੀ ਆਪਣੀ ਕੱਟ ਲਵੀਂ,
ਸਾਹਾਂ ਦਾ ਨਾ ਹੁੰਦਾ ਕੋਈ ਵਸਾਹ ਸੱਜਣਾ।
ਮੇਰੇ ਵਰਗੀ ਪਾਕਿ ਮੁਹੱਬਤ ਮਿਲਣੀ ਨਹੀਂ,
ਸਾਰੀ ਦੁਨੀਆਂ ਲਈਂ ਭਾਵੇਂ ਤੂੰ ਗਾਹ ਸੱਜਣਾ।
ਗੱਲਾਂ-ਬਾਤਾਂ ਜੋਗਾ ਹੀ ਹੁਣ ਰਹਿ ਗਿਆ ਏ,
ਅੰਬਰੋਂ ਤਾਰੇ ਲੈਂਦਾ ਸੀ ਜੋ ਲਾਹ ਸੱਜਣਾ।
ਜਦ ਮੈਂ ਸੋਚਾਂ ਕਿ ਮੁੜਕੇ ਹੁਣ ਮਿਲਣਾ ਨਹੀਂ,
ਮੇਰਾ ਨਿੱਕਲ ਜਾਂਦਾ ਉਦੋਂ ਤਰਾਹ ਸੱਜਣਾ।
ਮੈਂਨੂੰ ਤਾਂ ਹੁਣ ਵੱਢ ਖਾਣੇ ਨੂੰ ਪੈਂਦਾ ਏ,
ਤੇਰੇ ਸ਼ਹਿਰ ਨੂੰ ਜਾਂਦਾ ਏ ਜੋ ਰਾਹ ਸੱਜਣਾ।
ਹੋ ਸਕਦਾ ਕੋਈ ਰੱਬ ਕਲਾ ਵਰਤਾ ਦੇਵੇ,
ਮੁੜਕੇ ਹੋ ਸਕਦੀ ਏ ਫੇਰ ਸੁਲਾਹ ਸੱਜਣਾ।

SANJHI SOCH
ਜਸਪਾਲ ਸਿੰਘ ਨਾਗਰਾ 'ਮਹਿੰਦ ਪੁਰੀ'
ਯੂਬਾ ਸਿਟੀ ਕੈਲੀਫੋਰਨੀਆ (ਅਮਰੀਕਾ)
ਫੋਨ +13604481989






ਰੋਜ਼ਮਾਰਰਾ ਦੀ ਜ਼ਰੂਰਤ ਦਾ ਹਰ ਸਾਮਾਨ ਮਿਲੇਗਾ ਇਕ ਹੀ ਜਗਾਹ ਤੇ
Indian & Fijian
Grocery Store
HOURS
10a.m - 8p.m
(209) 486-8233
ਇੱਥੇ ਪੱਗਾਂ, ਜਵੈਲਰੀ, ਧਾਰਮਿਕ ਫੋਟੋਆਂ, ਰੁਮਾਲਾ ਸਾਹਿਬ, ਪੂਜਾ ਦੀ ਸਮੱਗਰੀ, ਦਾਲਾਂ, ਨਮਕੀਨ, ਇੰਡੀਅਨ ਮੇਡ ਸਪੈਸ਼ਲ ਬਿਸਕੁਟ, ਤਾਜ਼ੀਆਂ ਸਬਜ਼ੀਆਂ, ਫਰੋਜ਼ਨ ਸਬਜ਼ੀਆਂ ਤੇ ਨਾਲ ਹੀ ਖਰੀਦਦਾਰੀ ਕਰ ਸਕਦੇ ਹੋ ਇੰਡੀਅਨ,ਪਾਕਿਸਤਾਨੀ ਤੇ ਫਿਜੀਆਨਾ ਗਰੋਸਰੀ
INDIAN & FIJI GROCERY NOW OPEN
ਤਿਓਹਾਰਾਂ ਵਿੱਚ ਆਪਣੇ ਘਰ ਨੂੰ ਬਿਹਤਰੀਨ ਬਨਾਉਣ ਲਈ ਖਰੀਦ ਸਕਦੇ ਹੋ ਹਰ ਤਰ੍ਹਾਂ ਦੇ ਸਜਾਵਟ ਦਾ ਸਮਾਨ |
Ria Money Transfer
INDIA ਪੈਸੇ ਭੇਜਣ ਲਈ RIA MONEY TRANSFER ਦੀਆਂ ਸੇਵਾਵਾਂ ਤੁਸੀਂ ਸਾਡੇ ਸਟੋਰ ਤੋਂ ਲੈ ਸਕਦੇ ਹੋ
Address : 2015 Yosemite Blvd. Modesto CA
Website : www.indianfijianstore.wixsite.com/my-site-1
@indianfijiangrocery
ਸਾਡੇ ਦੂਜੇ ਸਟੋਰ ਦਾ ਪਤਾ
NAV INDIAN MERCHANDISE GROCERY STORE
3230 MITCHELL ROAD, STE, C, CERES, CA 95307

ਹਰੇ ਟਰੱਕਾਂ ਵਾਲਿਆਂ ਦੇ ਨਾਂਅ ਨਾਲ ਜਾਣੇ ਜਾਂਦੇ

# SMARTWAY EXPRESS INC.



Trucking ਵਿੱਚ ਲੰਬੇ ਸਮੇਂ ਦੇ ਤਜ਼ੁਰਬੇਕਾਰ

**Paul Sahota**

ਓਨਰ ਓਪਰੇਟਰਾਂ ਤੇ ਟੀਮ ਡਰਾਈਵਰਾਂ ਦੀ ਲੋੜ
ਤਜ਼ਰਬਾ ਘੱਟੋ-ਘੱਟ 1 ਸਾਲ
ਇੱਥੇ ਟੀਮ ਡਰਾਈਵਰਾਂ ਨੂੰ 60 ਸੇਂਟ ਅਤੇ ਸੋਲੋ ਡਰਾਇਵਰਾਂ ਨੂੰ 52 ਸੇਂਟ ਪ੍ਰਤੀ ਮੀਲ ਦਿੱਤੇ ਜਾਂਦੇ ਹਨ ਤੇ ਸਾਲ ਦੇ ਆਖੀਰ 'ਚ W-2 ਦਿੱਤਾ ਜਾਂਦਾ ਹੈ

ਜੇਕਰ ਤੁਸੀਂ ਚਾਹੁੰਦੇ ਹੋ ਟਰੱਕ ਖਰੀਦਣਾ ਜਾਂ ਸਾਡੇ ਨਾਲ ਕੰਮ ਕਰਨਾ ਤਾਂ ਅਸੀਂ ਤੁਹਾਡੀ ਪੂਰੀ ਮਦਦ ਕਰਾਂਗੇ

ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਜਾਂ ਕੰਮ ਲਈ ਸਾਨੂੰ ਫੋਨ ਕਰੋ
ਫੋਨ : (559) 653-8130, 774-243-4154

SmartWay Express 3545 Date Avenue Fresno, CA 93725
ਈ-ਮੇਲ: newtrucks@smartwayexp.com

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰੋ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਪਬਲਿਕ ਹਿਤ ਵਿਚ ਸੂਚਨਾ

ਜਿੱਥੇ ਜਿੱਥੇ ਵੀ ਇਹ ਅਵਾਜ ਪਹੁੰਚ ਰਹੀ ਹੈ ਮੈਂ ਗੁਰਦੀਪ ਸਿੰਘ ਸੰਧੂ ਹੋਮਿਓਪੈਥਿਕ ਕਨਸਲਟੈਂਟ ਉਮਰ ਦੇ ਪੰਝਤਰਵੇਂ ਸਾਲ ਵਿੱਚ ਮੇਰੀ ਮੈਡੀਕਲ ਪ੍ਰੈਕਟਿਸ ਦੇ ਪੰਜਾਹ ਸਾਲ ਪੂਰੇ ਹੋਣ ਤੇ ਅਤੇ ਇਸ ਵਕਤ ਅਮੈਰਿਕਨ ਇਕੋਨਮੀ ਦੀ ਸਭ ਤੋਂ ਮਾੜੀ ਹਾਲਤ ਹੋਣ ਕਰਕੇ ਇਹ ਐਲਾਨ ਕਰਦਾ ਹਾ ਕਿ ਹਰੇਕ ਬਿਮਾਰ ਜੋ ਕਿਸੇ ਵੀ ਉਮਰ ਵਿੱਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਥੱਕ ਗਏ ਹਨ ਤਾਂ ਕੀਮਤਾਂ ਦੀ ਪ੍ਰਵਾਹ ਕੀਤੇ ਬਿਨਾਂ ਜੋ ਵੀ ਤੁਹਾਡੀ ਜੇਬ ਇਜਾਜ਼ਤ ਦੇਵੇ ਉਹੀ ਦੇ ਕੇ ਇਲਾਜ ਕਰਵਾ ਸਕਦੇ ਹੋ। ਬੱਸ ਇੱਕ ਗੱਲ ਯਾਦ ਰੱਖਣਾ ਕਿ ਮੁਰਗੀ ਨਾ ਮਰੇ ਤੇ ਅੰਡੇ ਮਿਲਦੇ ਰਹਿਣ ਮੇਰੀ ਇਲਾਜ ਕਰਨ ਦੀ ਸਮਰੱਥਾ ਵੀ ਬਣੀ ਰਹੇ ਤੇ ਤੁਹਾਡਾ ਵੀ ਘੱਟ ਖਰਚ ਨਾਲ ਇਲਾਜ ਹੋ ਸਕੇ ।
ਕਾਲ ਕਰ ਸਕਦੇ ਹੋ 408-687-1899
ਮੇਰੇ ਵੱਲੋਂ ਸਿਹਤ ਵਿਗਿਆਨ ਦੀ ਲੜੀਵਾਰ ਸੀਰੀਜ ਸੁਣਨ ਲਈ ਮੇਰਾ ਯੂ ਟਿਊਬ ਚੈਨਲ, **https://youtu.be/-DUhK3cACEU** **SabRangstation.com** ਰੋਜ਼ਾਨਾ ਸ਼ਾਮ 5 ਵਜੇ ਤੋਂ 6 ਵਜੇ ਤੱਕ ਰੇਡੀਓ ਸਭਰੰਗ ਰੇਡੀਓ ਪਰਵਾਜ ਯੂਟਿਊਬ ਅਤੇ ਫੇਸਬੁੱਕ ਉੱਪਰ ਸੋਮਵਾਰ ਰੇਡੀਓ ਪੰਜਾਬ 1310 **AM** ਸ਼ਾਮ 3.35 ਤੋਂ 3.55 ਪੰਜਾਬੀ ਵਿੱਚ 4.35 ਤੋਂ 4.55 ਹਿੰਦੀ ਵਿੱਚ, ਸਾਂਝੀ ਸੋਚ ਟੀਵੀ ਸੋਮਵਾਰ, ਬੁੱਧਵਾਰ ਅਤੇ ਸ਼ੁਕਰਵਾਰ ਪੰਜਾਬੀ ਵਿੱਚ।

# INFORMATION IN PUBLIC INTREST

I, Gurdip S Sandhu Homeopathic consultant at the completion of my 50 years of medical practice and in my 75 year of age and in worst condition of American economy, I declare that any one suffering and tired of any treatment for any disease at any age call for best homeopathic treatment with economical price charges which suites to your pocket but Make sure you take the egg and still the hen survives so that I can continue serving your health needs.
To listen to my health education lecture series, go to https://youtu.be/-DUhK3cACEU, Sabrangstation.com you can listen in cars @ Radio Sabrang and Radio Parwas while driving from 5pm to 6 pm. Facebook, Youtube Radio Punjab 1310 AM tune to 3.35pm to 3.55 pm Daily in Punjabi and 4.35 to 4.55 in Hindi . TV Sanjhi Soch Monday, Wednesday Friday in Punjabi.

## HOMEOPATHIC NATURAL MEDICINES

**When Tired of All Treatments,
For any Disease, at any Age
Try Alternative Treatment**

**Safe and Effective Medicines without any Side Effects**



**GURDIP S SANDHU**




**Consultant/Physician
Since 1973
DHMS-Gold Medalist,
BAMS, MDEH
Ex-Prof, Principal &
CMO Medical
Colleges/Hospitals in
India**

**(408) 687-1899 (925) 587-1148**

**Homeopathic Medicine and Notary Consultancy**

9701 SARA ANN CT DUBLIN, CA 94568

**PRACTICE UNDER PROVISION OF ACT SB_577 STATE OF CA**


ATWAL
IMMIGRATION SERVICES
ATWAL
TAX & IMMIGRATION
— SERVICES —
FAMILY PETITIONS
NATURALIZATION (US CITIZENSHIP)
GREEN CARD RENEW
WORK PERMIT RENEW
AFFIDAVIT OF SUPPORT
INDIAN AND US PASSPORT RENEW
INDIAN VISA
OCI
E-VISA
INDIAN PASSPORT SURRENDER
ਦੇਰ ਨਾ ਕਰੋ, ਹੁਣੇ ਮਿਲੋ TAX ਅਤੇ ਹੋਰ ਵਧੇਰੀਆਂ
IMMIGRATION SERVICES ਲਈ
TONY
ATWAL
ਵਧੇਰੇ ਜਾਣਕਾਰੀ ਤੁਸੀਂ ਲੈ ਸਕਦੇ ਹੋ
iservice1416@gmail.com
ਜਾਂ ਫ਼ਿਰ ਸਾਡੀ WEBSITE
www.atwaltaximmigrationservices.com
ADDRESS 1
119 N Maple Ave, Ste B,Manteca, CA,95336 Manteca
(209) 505-6384
ADDRESS 2
2800 Mitchell Rd,Ste.W,Ceres ,CA 95307, Ceres
(209) 568-9682

# TAKE CONTROL OF YOUR HEALTH!

## PRIVATE, AFFORDABLE, & CONVENIENT

# 8000+ TESTS

General Health, Food Allergy Testing, Paternity Testing, Hormone Testing, Diabetes Monitoring, STD Testing, & More!

## NO INSURANCE? NO PROBLEM!

WALK-INS WELCOME

ANYLABTEST NOW



ਵਧੇਰੇ ਜਾਣਕਾਰੀ ਲਈ ਕਾਲ ਕਰੋ : (209) 629-8282 | (209) 505-6384

Address: 119. Maple AVe, Suite A Manteca, CA 95336





ਕਈ ਵੀਰਾਂ ਦੇ

**LICENSE CANCEL**

ਹੋ ਰਹੇ ਹਨ ਤੇ ਹੁਣ ਉਹ ਆਪਣਾ ਟਰੱਕ ਵੀ ਨਹੀਂ ਚਲਾ ਸਕਦੇ।

## ਕਿਉਂਕਿ DMV ਕਈ ਲੋਕਾਂ ਦੇ CDL License Cancel ਕਰ ਰਿਹਾ

ਖਾਸ ਕਰਕੇ ਉਹਨਾਂ ਦੇ ਜਿਨ੍ਹਾਂ ਕੋਲ

**Green Card ਨਹੀਂ ਹੈ | I-485 Application ਅਜੇ Pending ਹੈ।**

# Ghuman Law Group ਤੁਹਾਡੇ ਨਾਲ ਹੈ

ਅਸੀਂ ਤੁਹਾਡੀ ਮਦਦ ਕਰ ਸਕਦੇ ਹਾਂ :



Green Card Case ਨੂੰ ਜਲਦੀ ਹੱਲ ਕਰਨ ਵਿੱਚ



CDL ਅਤੇ ਕੰਮ ਨੂੰ ਬਚਾਉਣ ਲਈ Legal Guidance



Deportation ਜਾਂ Immigration Detention Cases ਵਿੱਚ Legal Advice



Appeals ਅਤੇ Immigration Process ਵਿੱਚ ਸਹਾਇਤਾ



Estate Planning ਰਾਹੀਂ Property ਅਤੇ Assets ਨੂੰ safe ਕਰਨ ਵਿੱਚ ਮਦਦ



ਤੁਹਾਡੇ ਪਰਿਵਾਰ ਦੇ ਭਵਿੱਖ ਨੂੰ Secure ਬਣਾਉਣ ਵਿੱਚ ਸਹਾਇਤਾ

GHUMAN LAW GROUP INC.
Criminal Defense, Family and Immigration Law

Deportation ਜਾਂ Immigration Process ਦੇ ਦੌਰਾਨ ਘਰ, ਨੌਕਰੀ, ਜਾਇਦਾਦ ਤੇ ਮਿਹਨਤ ਦੀ ਕਮਾਈ ਤਕ ਖਤਰੇ ਵਿੱਚ ਪੈ ਸਕਦੇ ਹਨ

**ਹੁਣੇ ਸੰਪਰਕ ਕਰੋ : (228) 200-0001 (ਮੁਫ਼ਤ ਸਲਾਹ ਵੀ ਉਪਲਬਧ ਹੈ)**

Ghuman Law Group ਤੁਹਾਡੇ ਹੱਕਾਂ ਦੀ ਮਜ਼ਬੂਤ ਆਵਾਜ਼ | ਤੁਹਾਡਾ Legal Partner